***<u>ISHA ਦੁਆਰਾ ਪ੍ਰਕਾਸ਼ਤ। ਸਾਰੇ ਹੱਕ ਰਾਖਵੇਂ ਹਨ।</u>***
***ਈਸ਼ਵਰ ਸੀ ਪੁਰੀ ਦੁਆਰਾ YouTube ਉੱਤੇ ਹੋਏ ਬਚਨਾਂ ਦਾ ਇਹ ਪੰਜਾਬੀ ਅਨੁਵਾਦ ਇਕ CC BY-NC-SA ਲਾਇਸੈਂਸ ਅਧੀਨ ਪ੍ਰਕਾਸ਼ਤ ਕੀਤਾ ਗਿਆ ਹੈ, ਜਿਸਦਾ ਅਰਥ ਹੈ ਕਿ ਤੁਸੀਂ ਅਨੁਵਾਦ ਦੇ ਭਾਗਾਂ ਦੀ ਨਕਲ, ਮੁੜ ਵੰਡ, ਰੀਮਿਕਸ ਅਤੇ ਮੁਫਤ ਵੰਡ ਸਕਦੇ ਹੋ, ਬਸ਼ਰਤੇ ਕਿ ਕੋਈ ਨਵਾਂ ਕੰਮ ਜਾਂ ਨਵੇਂ ਨਤੀਜੇ ਵਜੋਂ ਬਣਾਈਆਂ ਗਈਆਂ ਰਚਨਾਵਾਂ <u>ਕਿਸੇ ਵੀ ਵਪਾਰਕ ਉਦੇਸ਼ ਲਈ ਨਾਂ ਵਰਤੀਆਂ ਜਾਣ</u> ਅਤੇ ਜਿਨ੍ਹਾਂ ਚਿਰ ਤੁਸੀਂ ਉਚਿਤ ਕ੍ਰੈਡਿਟ ਦੇਂਦੇ ਰਹੋਗੇ, ਲਾਇਸੈਂਸ ਦਾ ਇੱਕ ਲਿੰਕ ਪ੍ਰਦਾਨ ਕਰਦੇ ਰਹੋਗੇ, ਅਤੇ ਸੰਕੇਤ ਦੇਂਦੇ ਰਹੋਗੇ ਕਿ ਕਿਹੜੀਆਂ ਤਬਦੀਲੀਆਂ ਕੀਤੀਆਂ ਗਈਆਂ ਸਨ। ਜੇ ਤੁਸੀਂ ਅਨੁਵਾਦ ਨੂੰ ਰੀਮਿਕਸ ਕਰਦੇ ਹੋ, ਬਦਲਦੇ ਹੋ ਤਾਂ ਤੁਹਾਨੂੰ ਲਾਜ਼ਮੀ ਤੌਰ ਤੇ ਆਪਣੇ ਯੋਗਦਾਨ ਨੂੰ ਮੁਢਲੇ ਲਾਇਸੈਂਸ ਦੇ ਅਧੀਨ ਰੀਲਿਜ਼ ਕਰਨਾ ਪਵੇਗਾ। ਲਾਇਸੈਂਸ ਦੇ ਵੇਰਵੇ: creativecommons.org/licenses/by-nc-sa/4.0/ Copyright 2019. Attribution-NonCommercial-ShareAlike (CC BY-NC-SA).***

# ਮਾਇਆ ਜਾਂ ਸਚਾਈ

ਸ਼ਿਕਾਗੋ – 8 ਫਰਵਰੀ, 2013

ਦੋਸਤੋ, ਇਸ ਥੋੜੇ ਸਮੇ ਵਿਚ ਸੱਦੀ ਮੀਟਿੰਗ ਵਿੱਚ ਤੁਹਾਡਾ ਸਵਾਗਤ ਹੈ. ਮੈਂ ਜਾਣਦਾ ਹਾਂ ਕਿ ਬਾਹਰ ਮੌਸਮ ਖਰਾਬ ਹੈ. ਤੁਹਾਨੂੰ ਫਿਸਲਣ ਵਾਲੀਆਂ ਸੜਕਾਂ ਅਤੇ ਬਹੁਤ ਸਾਰੀ ਬਰਫ਼ ਦਾ ਸਾਮਣਾ ਕਰਨਾ ਪਿਆ ਹੋਵੇਗਾ. ਮੈਨੂੰ ਖੁਸ਼ੀ ਹੈ ਕਿ ਤੁਸੀਂ ਇੱਥੇ ਪਹੁੰਚ ਸਕੇ. ਜਦੋਂ ਮੈਂ ਆਇਆ ਤਾਂ ਘਟੋ ਘਟ ਦ੍ਰਿਸ਼ ਬਹੁਤ ਸੁੰਦਰ ਸੀ. ਬਿਲਕੁਲ ਇਕ ਸਰਦੀ ਦੇ ਦਿਨਾਂ ਦੇ ਪੋਸਟਕਾਰਡ ਦੀ ਤਸਵੀਰ ਵਾਂਗੂ. ਇਸ ਕਰਕੇ ਮੈਂ ਕਿਹਾ ਕਿ ਖਰਾਬ ਮੌਸਮ ਦਾ ਵੀ ਕੁਝ ਮੁਆਵਜ਼ਾ ਹੁੰਦਾ ਹੈ. ਇਹ ਸੁੰਦਰ ਖਰਾਬ ਮੌਸਮ ਵੀ ਹੋ ਸਕਦਾ ਹੈ.

ਸੋ ਮੈਂ ਇਸ ਚੰਗੇ-ਮਾੜੇ ਦਾ ਸੁਮੇਲ ਦੇਖਿਆ। ਅਚਾਨਕ ਮੈਨੂੰ ਇੱਕ ਈਮੇਲ ਬਾਰੇ ਯਾਦ ਆਇਆ ਜੋ ਅੱਜ ਸਵੇਰੇ ਨਿਊਜ਼ੀਲੈਂਡ ਆਈ ਸੀ । ਇਹ ਈਮੇਲ ਇੱਕ ਅਜਿਹੇ ਵਿਅਕਤੀ ਦੀ ਸੀ ਜਿਸ ਨੂੰ ਕਈ ਸਾਲ ਪਹਿਲਾਂ ਇਕ ਸਤਿਗੁਰੂ ਤੋਂ ਨਾਮ ਦਾਨ ਦੀ ਦੀਖਿਆ ਮਿਲੀ ਸੀ। ਉਸ ਨੇ ਬੜੀ ਸਾਵਧਾਨੀ ਅਤੇ ਸੁਚੱਜੇ ਢੰਗ ਨਾਲ ਅਭਿਆਸ ਕੀਤਾ, ਸੁੰਦਰ ਨਤੀਜੇ ਪ੍ਰਾਪਤ ਕੀਤੇ, ਸਤਿਗੁਰ ਦਾ ਨੂਰੀ ਸਰੂਪ ਦੇਖਿਆ। ਉਹ ਬਹੁਤ ਖੁਸ਼ ਸੀ ਅਤੇ ਉਸ ਨੂੰ ਹੋਰ ਅੰਦਰੂਨੀ ਤਜਰਬੇ ਵੀ ਹਾਸਲ ਹੋਏ ।

ਉਨ੍ਹਾਂ ਸਾਰੇ ਸੁੰਦਰ ਤਜਰਬਿਆਂ ਤੋਂ ਬਾਅਦ, ਉਸਦੇ ਹੱਥ ਬਾਬਾ ਫਕੀਰ ਚੰਦ ਦੀ ਇੱਕ ਕਿਤਾਬ ਅਤੇ ਇਕ ਵੀਡੀਓ ਲੱਗੀ. ਹੁਣ, ਬਾਬਾ ਫਕੀਰ ਚੰਦ ਇੱਕ ਸੰਤ ਹਨ ਜਿਨ੍ਹਾਂ ਨੇ ਦਾਅਵਾ ਕੀਤਾ ਕਿ ਉਹ ਕੁਝ ਵੀ ਨਹੀਂ ਕਰਦੇ. ਦਰਅਸਲ, ਉਨ੍ਹਾਂ ਦੀ ਪ੍ਰਕਾਸ਼ਿਤ ਕੀਤੀ ਗਈ ਜੀਵਨੀ ਜਿਸ ਨੂੰ ' ਦ ਅਨਨੋਇੰਗ ਸੇਂਟ' ਕਿਹਾ ਜਾਂਦਾ ਹੈ, ਵਿਚ ਉਨ੍ਹਾਂ ਨੇ ਦਾਅਵਾ ਕੀਤਾ ਕਿ ਸਤਿਗੁਰੂ ਕੁਝ ਵੀ ਨਹੀਂ ਜਾਣਦੇ. ਹਰ ਚੀਜ਼ ਜੋ ਤੁਸੀਂ ਪ੍ਰਾਪਤ ਕਰਦੇ ਹੋ ਉਹ ਤੁਹਾਡੇ ਅੰਦਰੋਂ ਆਉਂਦੀ ਹੈ, ਅਤੇ ਸਤਿਗੁਰੂ ਤੁਹਾਡੇ ਅੰਦਰ ਆਪਣੇ ਨੂਰੀ ਸਰੂਪ ਨੂੰ ਵੀ ਪ੍ਰੋਜੈਕਟ ਨਹੀਂ ਕਰਦੇ. ਤੁਸੀਂ ਆਪਣੇ ਆਪ ਹੀ ਨੂਰੀ ਸਰੂਪ ਨੂੰ ਪ੍ਰੋਜੈਕਟ ਕਰਦੇ ਹੋ. ਬਾਬਾ ਫਕੀਰ ਚੰਦ ਨੇ ਇੱਕ ਉਦਾਹਰਣ ਦਿੱਤਾ ... ਆਪਣੀ ਜ਼ਿੰਦਗੀ ਦਾ ਉਦਾਹਰਨ ਜਦੋਂ ਉਹ ਅਤੇ ਉਨ੍ਹਾਂ ਦੇ ਕੁਝ ਚੇਲੇ ਫੌਜ ਵਿਚ ਸਨ. ਅਤੇ ਇਕ ਦਿਨ, ਉਨ੍ਹਾਂ ਦੇ ਤਿੰਨ ਚੇਲਿਆਂ ਨੂੰ ਅਚਾਨਕ ਦੁਸ਼ਮਣ ਨੇ ਚਾਰੇ ਪਾਸਿਆਂ ਤੋਂ ਘੇਰ ਲਿਆ. ਉਨ੍ਹਾਂ ਨੂੰ ਲਗਿਆ ਕਿ ਉਨ੍ਹਾਂ ਨੂੰ ਮਾਰ ਦਿੱਤਾ ਜਾਵੇਗਾ, ਇਸ ਲਈ ਉਹ ਇਕੱਠੇ ਬੈਠ ਗਏ ਅਤੇ ਉਨ੍ਹਾਂ ਨੇ ਪ੍ਰਾਰਥਨਾ ਕੀਤੀ: "ਬਾਬਾ ਜੀ, ਸਾਡਾ ਸਮਾਂ ਆ ਗਿਆ ਹੈ. ਸਾਨੂੰ ਲੱਗ ਰਿਹਾ ਹੈ ਕਿ ਦੁਸ਼ਮਣ ਨੇ ਸਾਨੂੰ ਮਾਰ ਦੇਣਾ ਹੈ. ਆਖਰੀ ਸਹਾਰੇ ਦੇ ਰੂਪ ਵਿੱਚ, ਅਸੀਂ ਤੁਹਾਡੇ ਅੱਗੇ ਪ੍ਰਾਰਥਨਾ ਕਰਨੀ ਚਾਹੁੰਦੇ ਹਾਂ. ਕ੍ਰਿਪਾ ਕਰਕੇ ਸਾਡੀ ਸੰਭਾਲ ਕਰੋ ਅਤੇ ਮਰਨ ਤੋਂ ਤੁਰੰਤ ਬਾਅਦ ਸਾਨੂੰ ਸੱਚਖੰਡ ਵੱਲ ਲੈ ਜਾਓ. ਕ੍ਰਿਪਾ ਕਰਕੇ ਸਾਡੀ ਮਦਦ ਕਰੋ. "

ਉਸ ਸਮੇਂ ਬਾਬਾ ਜੀ ਉਨ੍ਹਾਂ ਦੇ ਸਾਹਮਣੇ ਲਗਭਗ ਇੱਕ ਸਰੀਰਕ ਰੂਪ ਵਿਚ ਪ੍ਰਗਟ ਹੋ ਗਏ ਅਤੇ ਉਹਨਾਂ ਨੇ ਕਿਹਾ, "ਚਿੰਤਾ ਨਾ ਕਰੋ. ਤੁਸੀਂ ਅੱਜ ਨਹੀਂ ਮਰੋਗੇ. ਚਿੰਤਾ ਨਾ ਕਰੋ. ਇਸ ਛੋਟੇ ਜਿਹੇ ਰੁੱਖ ਦੇ ਪਿੱਛੇ ਇਕ ਛੋਟੀ ਜਿਹੀ ਝਾੜੀ ਹੈ. ਝਾੜੀ ਦੇ ਹੇਠਾਂ ਇਕ ਸੁਰੰਗ ਹੈ. ਜੇ ਤੁਸੀਂ ਵਿਚ ਸੁਰੰਗ ਚਲੇ ਜਾਂਦੇ ਹੋ ਤਾਂ ਤੁਸੀਂ ਦੁਸ਼ਮਣ ਦੀਆਂ ਪਲਟਨ ਦੇ ਪਿੱਛੇ ਚਲੇ ਜਾਓਗੇ ਅਤੇ ਬਚ ਜਾਓਗੇ. ਜਾਓ ਅਤੇ ਸੁਰੰਗ ਵਿਚ ਦਾਖਲ ਹੋ ਕੇ ਦੂਜੇ ਪਾਸਿਓਂ ਬਾਹਰ ਆ ਜਾਉ. ਮੈਂ ਤੁਹਾਨੂੰ ਉੱਥੇ ਹੀ ਮਿਲਾਂਗਾ". ਇਹ ਕਹਿ ਕੇ ਉਹ ਗਾਇਬ ਹੋ ਗਏ.

ਉਹ ਸਤਿਗੁਰੂ ਦੀ ਤਾਕਤ ਤੇ ਹੈਰਾਨ ਹੋਏ, ਕਿ ਉਹ ਅਜਿਹਾ ਵੀ ਕਰ ਸਕਦੇ ਸਨ। ਉਨ੍ਹਾਂ ਨੇ ਪਿੱਛੇ ਵਲ ਦੇਖਿਆ ਅਤੇ ਝਾੜੀ ਦੇ ਹੇਠਾਂ ਇਕ ਸੁਰੰਗ ਸੀ। ਉਹ ਸੁਰੰਗ ਵਿਚੋਂ ਲੰਘ ਕੇ ਬਚ ਗਏ।ਉਹ ਸਤਿਗੁਰੂ ਦੇ ਬਹੁਤ ਧੰਨਵਾਦੀ ਸਨ ਕਿ ਉਨ੍ਹਾਂ ਦੀ ਜਾਨ ਬਚ ਗਈ । ਉਹ ਦੌੜੇ ਦੌੜੇ ਬਾਬਾ ਫ਼ਕੀਰ ਚੰਦ ਕੋਲ ਗਏ ਅਤੇ ਕਿਹਾ, "ਸਤਿਗੁਰੂ ਜੀ, ਸਾਡੀ ਜਾਨ ਬਚਾਉਣ ਲਈ ਤੁਹਾਡਾ ਬਹੁਤ ਧੰਨਵਾਦ।" ਸਤਿਗੁਰੂ ਨੇ ਕਿਹਾ ਕੀ ਹੋਇਆ?" ਉਨ੍ਹਾਂ ਨੇ ਕਿਹਾ ਕਿ ਤੁਸੀਂ ਆਏ, ਸਾਨੂੰ ਸੁਰੰਗ ਬਾਰੇ ਦੱਸਿਆ, ਅਤੇ ਅਸੀਂ ਬੱਚ ਗਏ।" ਬਾਬਾ ਫ਼ਕੀਰ ਚੰਦ ਨੇ ਕਿਹਾ, "ਮੈਨੂੰ ਇਸ ਬਾਰੇ ਕੁਝ ਨਹੀਂ ਪਤਾ। ਮੈਂ ਉੱਥੇ ਨਹੀਂ ਸੀ। ਮੈਨੂੰ ਤਾਂ ਖੁਦ ਆਪਣੇ ਮਾਰੇ ਜਾਣ ਤੋਂ ਡਰ ਰਿਹਾ ਸੀ।

ਤੁਸੀਂ ਕੀ ਗੱਲ ਕਰ ਰਹੇ ਹੋ? "

ਉਨ੍ਹਾਂ ਨੇ ਕਿਹਾ: "ਸਤਿਗੁਰੂ, ਤੁਸੀਂ ਖੁਦ ਸਾਡੇ ਕੋਲ ਆਏ ਸੀ. ਅਸੀਂ ਤਿੰਨਾਂ ਜਣਿਆਂ ਨੇ ਤੁਹਾਨੂੰ ਦੇਖਿਆ ਸੀ. ਅਸੀਂ ਸਿਰਫ ਤੁਹਾਨੂੰ ਦੇਖਿਆ ਹੀ ਨਹੀਂ,ਬਲਕਿ ਤੁਸਾਂ ਨੇ ਸਾਨੂੰ ਇੱਕ ਸੁਰੰਗ ਅੰਦਰ ਜਾਣ ਲਈ ਕਿਹਾ ਜਿਸ ਬਾਰੇ ਕੋਈ ਨਹੀਂ ਸੀ ਜਾਣਦਾ, ਅਤੇ ਤੁਸੀਂ ਸਾਡੀ ਜ਼ਿੰਦਗੀ ਬਚਾ ਲਈ. ਇੰਨਾ ਨਿਮਾਣੇ ਨਾ ਹੋਵੋ ਅਤੇ ਨਾ ਜਾਣਨ ਦਾ ਦਿਖਾਵਾ ਨਾ ਕਰੋ. "ਬਾਬਾ ਫ਼ਕੀਰ ਚੰਦ ਨੇ ਜਵਾਬ ਦਿੱਤਾ, " ਸੱਚ ਵਿਚ ਮੈਨੂੰ ਇਸ ਬਾਰੇ ਪਤਾ ਨਹੀਂ. ਸਤਿਗੁਰੂ ਕਿਸੇ ਚੀਜ ਬਾਰੇ ਨਹੀਂ ਜਾਣਦੇ. "

ਫਿਰ ਬਾਬਾ ਫ਼ਕੀਰ ਚੰਦ ਨੇ ਕਈ ਵਾਰੀ ਸਰਲ ਅਤੇ ਸਪਸ਼ਟ ਤੌਰ ਤੇ ਕਿਹਾ ਕਿ ਸਤਿਗੁਰੂ ਅਸਲ ਵਿਚ ਸਵੈ ਜਾ ਆਪੇ ਦੇ ਪਰਛਾਵੇਂ ਦੇ ਰੂਪ ਵਿਚ ਆਉਂਦੇ ਹਨ, ਅਤੇ ਸਾਰਾ ਭੇਤ ਸਾਡੇ ਆਪੇ ਵਿਚ ਹੀ ਹੁੰਦਾ ਹੈ. ਤੁਹਾਨੂੰ ਜੋ ਕੁਝ ਵੀ ਪ੍ਰਾਪਤ ਹੋਵੇਗਾ, ਉਹ ਤੁਹਾਨੂੰ ਆਪਣੇ ਅੰਦਰ ਤੋਂ ਹੀ ਪ੍ਰਾਪਤ ਹੋਵੇਗਾ. ਇੱਥੋਂ ਤਕ ਕਿ  ਸਤਿਗੁਰੂ ਦਾ ਨੂਰੀ ਸਰੂਪ ਵੀ ਤੁਹਾਡੇ ਆਪਣੇ ਅੰਦਰ ਹੈ. ਅਤੇ ਸਤਿਗੁਰ ਬਾਹਰ ਇਸ ਲਈ  ਪ੍ਰਗਟ ਹੁੰਦੇ ਹਨ ਤਾਂਕਿ ਤੁਹਾਡੇ ਵਿਚ ਇਸ ਤਰਾਂ ਦਾ ਵਿਸ਼ਵਾਸ ਪੈਦਾ ਹੋ ਸਕੇ ਕਿ ਤੁਸੀਂ ਆਪਣੇ ਅੰਦਰ ਜਾ ਕੇ ਆਪਣੇ ਆਪ ਦੀ ਪਹਿਚਾਣ ਕਰ ਸਕਦੇ ਹੋ . ਇਸ ਲਈ, ਉਨ੍ਹਾਂ ਨੇ ਕਿਹਾ, "ਮੈਨੂੰ ਕੁਝ ਨਹੀਂ ਪਤਾ. ਸਤਿਗੁਰੂ ਕੁਝ ਨਹੀਂ ਜਾਣਦੇ, ਅਤੇ ਜੇ ਕੋਈ ਸਤਿਗੁਰੂ ਕਹਿੰਦਾ ਹੈ ਕਿ ਉਹ ਹੀ ਸਭ ਕੁਝ ਕਰ ਰਿਹਾ ਹੈ, ਤਾਂ ਉਹ ਕੋਈ ਸਤਿਗੁਰੂ ਨਹੀਂ ." ਉਨ੍ਹਾਂ ਨੇ ਕਈ ਅਜਿਹੇ ਸਨਸਨੀਖੇਜ਼ ਬਿਆਨ ਦਿੱਤੇ ਜਿਨ੍ਹਾਂ ਕਰਕੇ ਬਹੁਤ ਵਿਵਾਦ ਹੋ ਗਏ. ਕੀ ਸਤਿਗੁਰੂ ਕੋਲ ਅਸਲ ਵਿਚ ਕੋਈ ਸ਼ਕਤੀ ਹੁੰਦੀ ਹੈ ਜਾਂ ਉਹ ਕੇਵਲ ਸਵੈ ਜਾਂ ਆਪੇ ਦੇ ਪਰਛਾਵੇਂ ਹਨ ਅਤੇ ਉਹ ਕੇਵਲ ਇਸ ਲਈ ਪ੍ਰਗਟ ਹੁੰਦੇ ਹਨ ਤਾਂਕਿ ਤੁਹਾਨੂੰ ਅੰਦਰ ਲੈ ਜਾਇਆ ਜਾ ਸਕੇ - ਅਤੇ ਸਾਰੇ ਭੇਤ ਅੰਦਰ ਹੀ ਹਨ ?

ਅਸੀਂ ਬਾਬਾ ਫਕੀਰ ਚੰਦ ਬਾਰੇ ਜ਼ਿਕਰ ਕਰ ਰਹੇ ਹਾਂ ਕਿਉਂਕਿ ਲੋਕ ਕਹਿੰਦੇ ਹਨ ਕਿ ਉਹ ਇਕੋ ਇਕ ਇਮਾਨਦਾਰ ਸਤਿਗੁਰੂ ਸਨ ਕਿਉਂਕਿ ਉਨ੍ਹਾਂ ਨੇ ਕਬੂਲ ਕੀਤਾ ਕਿ ਉਹ ਕੁਝ ਨਹੀਂ ਸਨ ਜਾਣਦੇ। ਬਾਕੀ ਸਾਰੇ ਦਾਅਵਾ ਕਰਦੇ ਸਨ ਕਿ ਉਨ੍ਹਾਂ ਕੋਲ ਸਤਿਗੁਰੂ ਦੀਆਂ ਸਾਰੀਆਂ ਸ਼ਕਤੀਆਂ ਹਨ। ਬਾਬਾ ਫ਼ਕੀਰ ਚੰਦ ਬਾਰੇ ਕਿਹਾ ਜਾਂਦਾ ਹੈ ਕਿ ਉਹ ਇਕ ਇਮਾਨਦਾਰ ਸਤਿਗੁਰੂ ਸਨ, ਪਰ ਫਿਰ ਸਵਾਲ ਉਠਦਾ ਹੈ, "ਬਾਕੀ ਪਰਮ ਸੰਤ ਸਤਿਗੁਰੂਆਂ ਬਾਰੇ ਕੀ ਕਿਹਾ ਜਾਵੇ, ਜਿਨ੍ਹਾਂ ਨੇ ਕਈ ਲੋਕਾਂ ਨੂੰ ਨਾਮ ਦਾਨ ਦੀ ਦੀਖਿਆ ਦਿੱਤੀ ਹੋਈ ਹੈ, ਅਤੇ ਲੋਕਾਂ ਨੇ ਜਿਨ੍ਹਾਂ ਦੇ ਨੂਰੀ ਸਰੂਪ ਦੇਖੇ ਹਨ ? ਕੀ ਉਨ੍ਹਾਂ ਲੋਕਾਂ ਨੇ ਸਤਿਗੁਰੂ ਦੇ ਨੂਰੀ ਸਰੂਪ ਨਹੀਂ ਦੇਖੇ ? ਕੀ ਸਤਿਗੁਰੂ ਦਾ ਇਸ ਵਿਚ ਕੋਈ ਹੱਥ ਨਹੀਂ ਸੀ? ਗੱਲ ਇਸ ਤਰਾਂ ਹੈ ਕਿ ਮੈਂ ਨਿੱਜੀ ਤੌਰ ਤੇ ਬਾਬਾ ਫਕੀਰ ਚੰਦ ਨੂੰ ਕਈ ਵਾਰ ਮਿਲਿਆ। ਉਹ ਹੁਸ਼ਿਆਰਪੁਰ ਵਿਚ ਸਾਡੇ ਗੁਆਂਢੀ ਸਨ। ਮੇਰੇ ਪਿਤਾ ਉਥੇ ਟੀਚਰ ਸਨ। ਉਹ ਮੇਰੇ ਪਿਤਾ ਜੀ ਦੇ ਚੰਗੇ ਮਿੱਤਰ ਸਨ ਅਤੇ ਅਸੀਂ ਉਨ੍ਹਾਂ ਨੂੰ ਕਈ ਵਾਰ ਮਿਲੇ ਸੀ। ਅਸੀਂ ਇਸ ਘਟਨਾ ਬਾਰੇ ਵੀ ਬਾਬਾ ਫਕੀਰ ਚੰਦ ਨਾਲ ਨਿੱਜੀ ਤੌਰ ਤੇ ਗੱਲ ਕੀਤੀ ਸੋ ਇਸ ਲਈ ਮੈਨੂੰ ਇਸਦੀ ਨਿੱਜੀ ਜਾਣਕਾਰੀ ਹੈ। ਬਾਬਾ ਫ਼ਕੀਰ ਚੰਦ ਨੇ ਸਾਨੂੰ ਸਮਜਾਇਆ ਕਿ ਉਨ੍ਹਾਂ ਨੇ ਕਿਸ ਕਰਕੇ ਇਹ ਸਾਰੀਆਂ ਚੀਜਾਂ ਕੇਹੀਆਂ। ਉਨ੍ਹਾਂ ਨੇ ਕਿਹਾ, "ਇਸਦਾ ਕਾਰਨ ਇਹ ਹੈ ਕਿ, ਜਦੋਂ ਲੋਕ ਸਤਿਗੁਰੂ ਦੇ ਪਿੱਛੇ ਲਗਦੇ ਹਨ ਤਾਂ ਉਹ ਕੋਈ ਵੀ ਸਿਮਰਨ ਅਭਿਆਸ ਨਹੀਂ ਕਰਦੇ। ਉਹ ਸੋਚਦੇ ਹਨ ਕਿ ਉਸ ਵਿਅਕਤੀ ਦੇ ਪਿੱਛੇ ਲੱਗਣਾ ਅਤੇ ਉਸ ਨੂੰ ਮੰਨਣਾ ਹੀ ਕਾਫੀ ਹੈ।"

ਇਸ ਲਈ, ਬਾਬਾ ਫ਼ਕੀਰ ਚੰਦ ਨੇ ਇਸ ਤੱਥ ਤੇ ਬਹੁਤ ਜ਼ੋਰ ਦਿੱਤਾ ਕਿ ਸੱਚਾਈ ਸਾਡੇ ਅੰਦਰ ਹੈ. ਇੱਥੋਂ ਤਕ ਕਿ ਸਤਿਗੁਰੂ ਵੀ ਸਾਡੇ ਅੰਦਰ ਹੈ. ਆਖਰਕਾਰ, ਇਹ ਸਭ ਰਚਨਾ ਜੋ ਸਾਨੂੰ ਬਾਹਰ ਦਿਖਾਈ ਦਿੰਦੀ ਹੈ ਉਹ ਸਭ ਅੰਦਰ ਤੋਂ ਹੈ ਪ੍ਰੋਜੈਕਟ ਹੁੰਦੀ ਹੈ. ਜੇ ਇਹ ਸਾਰੀ ਰਚਨਾ ਅੰਦਰ ਦਾ ਹੀ ਪਰਛਾਵਾਂ ਹੈ ਤਾਂ ਨਿਸ਼ਚਤ ਤੌਰ ਤੇ ਇੱਕ ਸਥੂਲ ਸਤਿਗੁਰੂ ਵੀ ਅੰਦਰ ਦੀ ਹੀ ਪ੍ਰੋਜੇਕਸ਼ਨ ਹੈ. ਇਸਦਾ ਅਰਥ ਹੈ ਅਸਲ ਇਹ ਵਿਚ ਪਰਮ ਸੰਤ ਸਤਿਗੁਰੂ ਸਾਡੇ ਅੰਦਰ ਹੈ, ਬਾਹਰ ਨਹੀਂ, ਪਰ ਅਸੀਂ ਉਸ ਨੂੰ ਨਹੀਂ ਦੇਖ ਸਕਦੇ ਹਾਂ. ਜਦੋਂ ਅਸੀਂ ਆਪਣੀਆਂ ਅੱਖਾਂ ਬੰਦ ਕਰਦੇ ਹਾਂ ਤਾਂ ਸਾਨੂੰ ਹਨੇਰਾ ਦਿਖਾਈ ਦਿੰਦਾ ਹੈ. ਇਸ ਲਈ ਜੋ ਪ੍ਰੋਜੈਕਟ ਹੋਇਆ ਸਤਿਗੁਰੂ ਸਾਨੂੰ ਬਾਹਰ ਦਿਖਾਈ ਦਿੰਦਾ ਹੈ ਉਹ ਦਰਅਸਲ ਅੰਦਰ ਦੇ ਸਤਿਗੁਰੂ ਵਾਂਗ ਹੀ ਕਾਰਵਾਈ ਕਰਦਾ ਹੈ. ਉਹ ਕੇਵਲ ਇਕ ਪਰਛਾਵਾਂ ਹੀ ਨਹੀਂ ਹੁੰਦਾ ਬਲਕਿ ਇਕ ਸਰਗਰਮ ਪਰਛਾਵਾਂ ਹੁੰਦਾ ਹੈ, ਕਿਉਂਕਿ ਉਸਨੂੰ ਸੁਣ ਕੇ, ਉਸ ਦੇ ਰਸਤੇ ਤੇ ਚਲ ਕੇ, ਉਸਤੋਂ ਦੀਖਿਆ ਲੈ ਕੇ ਸਾਨੂੰ ਆਪਣੇ ਅੰਦਰ ਦਾ ਸੱਚਾ ਸਤਿਗੁਰੂ ਮਿਲ ਜਾਂਦਾ ਹੈ.

ਇਸ ਲਈ, ਹਰ ਸਮੇਂ ਸੱਚਾ ਸਤਿਗੁਰੂ ਸਾਡੇ ਅੰਦਰ ਹੁੰਦਾ ਹੈ. ਉਨ੍ਹਾਂ ਨੇ ਇਸ ਨੁਕਤੇ ਤੇ ਜ਼ੋਰ ਦਿੱਤਾ ਕਿ ਉਹ ਕੁਝ ਨਹੀਂ ਜਾਣਦੇ ਸਿਰਫ ਇਹ ਗੱਲ ਸਮਝਾਉਣ ਲਈ ਕਿ, "ਕਿਸੇ ਵੀ ਮਨੁੱਖ ਨੂੰ ਅੰਨ੍ਹੇਵਾਹ ਨਾ ਮਨੋਂ. ਸੁਣੋ ਕਿ ਉਹ ਕਹਿੰਦੇ ਕੀ ਹਨ. ਜੋ ਉਹ ਕਹਿ ਰਹੇ ਹਨ ਉਸਦੀ ਪਾਲਣਾ ਕਰੋ ਅਤੇ ਤੁਸੀਂ ਸੱਚ ਨੂੰ ਅਤੇ ਸੱਚੇ ਸਤਿਗੁਰੂ ਨੂੰ ਆਪਣੇ ਅੰਦਰੋਂ ਲੱਭ ਸਕੋਗੇ, ਕਿਓਂ ਕਿ ਸਤਿਗੁਰੂ ਦਾ ਨੂਰੀ ਸਰੂਪ ਉਹ ਸਤਿਗੁਰੂ  ਹੁੰਦਾ ਹੈ ਜੋ ਤੁਹਾਨੂੰ ਵਾਪਸ ਘਰ ਲੈ ਜਾਂਦਾ ਹੈ, ਉਹ ਰੂਪ ਸਾਡੇ ਅੰਦਰ ਹੈ ਨਾ ਕਿ ਬਾਹਰ. ਪਰ ਉਹ ਬਾਹਰ ਵਾਲੇ ਰੂਪ ਨਾਲ ਇੰਨਾ ਮੇਲ ਖਾਂਦਾ ਹੈ ਕਿ ਅਸੀਂ ਦੋਵਾਂ ਵਿਚ ਇਕ ਰਿਸ਼ਤਾ ਦੇਖ ਸਕਦੇ ਹਾਂ. ਉਨ੍ਹਾਂ ਦੋਵਾਂ ਵਿਚ ਇੰਨੀ ਸਮਾਨਤਾ ਕਿਉਂ ਹੁੰਦੀ ਹੈ ? ਇਹ ਬਾਹਰ ਵਾਲਾ ਰੂਪ ਅੰਦਰ ਤੋਂ ਪ੍ਰੋਜੈਕਟ ਹੋਇਆ ਹੁੰਦਾ ਹੈ. ਇਸ ਲਈ, ਇਹ ਕਹਿਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ ਕਿ, "ਸਾਨੂੰ ਕਿਸ ਦਾ ਲੜ ਫੜਨਾ ਚਾਹੀਦਾ ਹੈ- ਬਾਹਰ ਵਾਲੇ ਦਾ ਜਾਂ ਅੰਦਰ ਵਾਲੇ ਦਾ?" ਸੱਚ ਇਹ ਹੈ ਕਿ ਸਾਨੂੰ ਅੰਦਰ ਵਾਲੇ ਦੀ ਪਾਲਣਾ ਕਰਨੀ ਚਾਹੀਦੀ ਹੈ.

ਕੀ ਅਸੀਂ ਬਾਹਰ ਵਾਲੇ ਤੋਂ ਬਿਨਾ ਅੰਦਰ ਵਾਲੇ ਦੀ ਪਾਲਣਾ ਕਰ ਸਕਦੇ ਹਾਂ? ਬਿਲਕੁਲ ਨਹੀਂ ! ਫਿਰ ਮਤਲਬ ਸਾਫ਼ ਹੋ ਜਾਂਦਾ ਹੈ। ਇਹ ਕਿ ਸਾਨੂੰ ਬਾਹਰ ਵਾਲੇ ਜਿਉਂਦੇ ਮੁਰਸ਼ਦ ਦੀ ਪਾਲਣਾ ਕਰਨੀ ਪਵੇਗੀ ਜੋ ਸਾਡੇ ਨਾਲ ਗੱਲ ਕਰ ਸਕਦਾ ਹੋਵੇ, ਜੋ ਸਾਨੂੰ ਸਿਖਾ ਸਕਦਾ ਹੋਵੇ, ਜੋ ਸਾਡੇ ਸਵਾਲਾਂ ਦੇ ਜਵਾਬ ਦੇ ਸਕਦਾ ਹੋਵੇ, ਜੋ ਸਾਨੂੰ ਸਹੀ ਰਸਤਾ ਦਿਖਾ ਸਕਦਾ ਹੋਵੇ, ਜੋ ਸਾਨੂੰ ਦੱਸ ਸਕਦਾ ਹੈ ਕਿ ਰੂਹਾਨੀ ਰਸਤੇ ਉਤੇ ਅਸੀਂ ਕਦੋਂ ਗਲਤ ਹਾਂ ਅਤੇ ਕਦੋਂ ਸਹੀ ਹਾਂ, ਜੋ ਸਾਨੂੰ ਉਸ ਸਫ਼ਰ ਦੇ ਸਾਰੇ ਵੇਰਵੇ ਦੱਸ ਸਕਦਾ ਹੋਵੇ ਜੋ ਅਸੀਂ ਸ਼ੁਰੂ ਕਰਨ ਜਾ ਰਹੇ ਹੋਵਾਂਗੇ, ਜੋ ਸਾਨੂੰ ਅੰਦਰ ਜਾਣ ਲਈ ਪ੍ਰੇਰਿਤ ਕਰ ਸਕਦਾ ਹੋਵੇ, ਜੋ ਸਮੇਂ ਸਮੇਂ ਤੇ ਸਾਡੀ ਲੋੜ ਪੈਣ ਵਾਲੇ ਸਾਧਨਾਂ ਨਾਲ ਅੰਦਰ ਜਾਣ ਵਿਚ ਮਦਦ ਕਰ ਸਕਦਾ ਹੋਵੇ ਹੈ। ਇਹ ਸਾਰਾ ਕੁਝ ਹੋਣ ਤੋਂ ਬਾਅਦ , ਸਾਨੂੰ ਪਤਾ ਲੱਗੂਗਾ ਕਿ ਜੋ ਸਦੀਵੀ ਸਤਿਗੁਰੂ ਹਮੇਸ਼ਾ ਸਾਡੇ ਨਾਲ ਹੋਵੇਗਾ ਉਹ ਸਾਡੇ ਅੰਦਰ ਹੈ ਅਤੇ ਉਹ ਸਤਿਗੁਰੂ ਦਾ ਨੂਰੀ ਸਰੂਪ ਹੁੰਦਾ ਹੈ ਜੋ ਸਾਨੂੰ ਆਪਣੇ ਅੰਦਰੋਂ ਪ੍ਰਾਪਤ ਹੁੰਦਾ ਹੈ।

ਇਸ ਲਈ ਬਾਹਰ ਵਾਲੇ ਸਤਿਗੁਰੂ ਦੀ ਇੱਕ ਭੂਮਿਕਾ ਹੈ ਅਤੇ ਅੰਦਰ ਵਾਲੇ ਸਤਿਗੁਰੂ ਦੀ ਵੀ ਇੱਕ ਭੂਮਿਕਾ ਹੈ। ਅਤੇ ਕਿਉਂਕਿ ਇਹ ਬਾਹਰ ਵਾਲਾ ਅੰਦਰ ਵਾਲੇ ਦੀ ਪ੍ਰੋਜੇਕਸ਼ਨ ਹੈ, ਅਸਲ ਵਿੱਚ ਇਹ ਅੰਦਰ ਵਾਲੇ ਵਰਗਾ ਹੀ ਹੁੰਦਾ ਹੈ। ਵਾਸਤਵ ਵਿਚ, ਇੱਕ ਪਰਮ ਸਤਿਗੁਰੂ ਨੇ ਕਿਹਾ ਹੈ, "[ਅੰਤਰ ਬਾਹਰ ਏਕੋ ਜਾਣੋ ਇਹ ਗੁਰ ਗਿਆਨ ਬਤਾਇ ]," ਜਿਸਦਾ ਅਨੁਵਾਦ ਹੈ, "ਅੰਦਰ ਅਤੇ ਬਾਹਰ ਇਕੋ ਜਿਹੇ ਹਨ।" ਇਹ ਮੈਂ ਆਪਣੇ ਸਤਿਗੁਰੂ ਤੋਂ ਸਿੱਖਿਆ ਹੈ। ਇਹ ਨਾ ਸਮਝੋ ਕਿ ਬਾਹਰ ਅਲੱਗ ਹੈ ਅਤੇ ਇਸ ਤੋਂ ਭੱਜ ਕੇ ਸਾਨੂੰ ਕੀਤੇ ਅੰਦਰ ਜਾਣਾ ਚਾਹੀਦਾ ਹੈ।  ਕਿ ਬਾਹਰ ਦਾ ਸੰਸਾਰ ਇੱਕ ਰਚਨਾ ਹੈ ਅਤੇ ਇਸ ਤੋਂ ਭੱਜ ਕੇ ਕੀਤੇ ਅੰਦਰ ਜਾਣਾ ਚਾਹੀਦਾ ਹੈ। ਬਾਹਰੀ ਅਨੁਮਾਨਿਤ ਸੰਸਾਰ ਵੀ ਅੰਦਰੋਂ ਪ੍ਰੋਜੈਕਟ ਕੀਤਾ ਜਾ ਰਿਹਾ ਹੈ ਅਤੇ ਉਹ ਅੰਦਰੂਨੀ ਸੰਸਾਰ ਹੀ ਹੈ ਜਿਸ ਨੂੰ ਅਸੀਂ ਬਾਹਰ ਦੇਖਦੇ ਹਾਂ। ਪਰ ਇਹ ਬਾਹਰ ਵਾਲਾ ਸੰਸਾਰ ਬਹੁਤ ਅਸਲ ਨਜ਼ਰ ਆਉਂਦਾ ਹੈ। ਇਸ ਵਿਚ  ਬਾਹਰੀ ਅਸਲੀਅਤ ਦੇ ਸਾਰੇ ਤੱਤ ਹਨ। ਇਹ ਸਥੂਲ ਤੌਰ ਤੇ ਅਸਲੀ ਬਣਦਾ ਹੈ। ਇਸ ਲਈ, ਇਸ ਸਥੂਲ ਹਕੀਕਤ ਜਿਸਨੂੰ ਸਾਡਾ ਮਨ ਸਵੀਕਾਰ ਕਰਦਾ ਹੈ ਅਤੇ ਸਮਜ਼ਦਾ ਹੈ ਕਿ ਬਾਹਰ ਦੀ ਦੁਨੀਆ ਅਸਲ ਹੈ, ਇਸ ਸਥੂਲ ਹਕੀਕਤ ਵਿਚ ਹੁੰਦੇ ਹੋਈ ਸਾਨੂੰ ਬਹੁਤ ਹੀ ਅਲੰਕਾਰਮਈ ਅਤੇ ਅਣਜਾਣ ਚੀਜ਼ ਦੀ ਭਾਲ ਅੰਦਰੋਂ ਕਰਨੀ ਪੈਂਦੀ ਹੈ। ਸਾਡੀ ਇਸ ਸੋਚ ਕਰਕੇ ਇਹ ਬਾਹਰਲੀ ਦੁਨੀਆਂ ਸਾਡੇ ਲਈ ਹਕੀਕਤ ਬਣ ਜਾਂਦੀ ਹੈ ਅਤੇ ਇਸ ਬਾਹਰਲੀ ਦੁਨੀਆਂ ਅਤੇ ਸਥੂਲ ਸ਼ਰੀਰ ਨੂੰ ਇਕੋ ਇਕ ਅਸਲੀਅਤ ਸਮਝਦੇ ਹੋਏ ਅਸੀਂ ਅੰਦਰੋਂ ਹੋਰ ਅਸਲੀਅਤਾਂ ਦੀ ਖੋਜ ਕਰਦੇ ਹਾਂ। ਕਿਉਂਕਿ ਅਸੀਂ ਬਾਹਰੀ ਸੰਸਾਰ ਨੂੰ ਅਸਲੀ ਮੰਨਦੇ ਹਾਂ, ਸਾਨੂੰ ਬਾਹਰਲੇ ਸਤਿਗੁਰੂ ਨੂੰ ਵੀ ਅਸਲੀ ਰੂਪ ਵਿਚ ਲੈਣਾ ਪੈਂਦਾ ਹੈ, ਹਾਲਾਂ ਕਿ ਬਾਹਰਲਾ ਸਤਿਗੁਰੂ ਅੰਦਰੋਂ ਪ੍ਰੋਜੈਕਟ ਹੁੰਦੇ ਹੋਏ ਬਿਲਕੁਲ ਅੰਦਰ ਵਾਲੇ ਸਤਿਗੁਰੂ ਦੀ ਤਰ੍ਹਾਂ ਕੰਮ ਕਰ ਰਿਹਾ ਹੁੰਦਾ ਹੈ। ਦੋਹਾਂ ਵਿਚਾਲੇ ਕੋਈ ਫਰਕ ਨਹੀਂ ਹੈ।

ਇਸ ਲਈ ਇਹ ਲੋਕਾਂ ਲਈ ਇੱਕ ਬਹੁਤ ਹੀ ਅਜੀਬ-ਕਿਸਮ ਦੀ ਗੁੰਜਲ ਹੈ, ਕਿ ਅਸੀਂ ਇਸ ਸਥੂਲ ਸੰਸਾਰ ਨੂੰ ਅਸਲੀਅਤ ਸਮਝਦੇ ਹਾਂ - ਇਸ ਤੋਂ ਇਲਾਵਾ ਅਸੀਂ ਕੁਝ ਹੋਰ ਸੋਚ ਹੀ ਨਹੀਂ ਸਕਦੇ - ਸਾਡੇ ਕੋਲ ਇਸ ਦੀ ਤੁਲਨਾ ਕਰਨ ਲਈ ਕੋਈ ਹੋਰ ਹਕੀਕਤ ਹੈ ਹੀ ਨਹੀਂ । ਇਹ ਹੀ ਇਕਲੌਤੀ ਅਸਲੀਅਤ ਹੈ ਜਿਸ ਬਾਰੇ ਅਸੀਂ ਜਾਣਦੇ ਹਾਂ। ਬੇਸ਼ਕ, ਜਦੋਂ ਅਸੀਂ ਸੌਂਦੇ ਹਾਂ ਅਸੀਂ ਇਕ ਹੋਰ ਆਰਜ਼ੀ ਅਸਲੀਅਤ ਦਾ ਨਿਰਮਾਣ ਕਰਦੇ ਹਾਂ ਜਿਸਨੂੰ ਸੁਪਨਾ ਕਿਹਾ ਜਾਂਦਾ ਹੈ। ਸੁਪਨੇ ਦੇ ਸਮੇ ਇਹ ਸੁਪਨੇ ਦਾ ਸੰਸਾਰ ਵੀ ਅਸਲੀ ਹੁੰਦਾ ਹੈ। ਪਰ ਜਦੋਂ ਅਸੀਂ ਜਾਗ ਜਾਂਦੇ ਹਾਂ ਤਾਂ ਉਹ ਅਸਲੀ ਨਹੀਂ ਰਹਿੰਦਾ। ਇਥੇ ਇਹ ਸਥੂਲ ਸੰਸਾਰ ਹੀ ਸਾਡੀ ਹਕੀਕਤ ਹੈ , ਜਿਸਨੂੰ ਅਸੀਂ ਸਿਰਫ ਇਕੋ ਇਕ ਅਸਲੀਅਤ ਸਮਜਦੇ ਹਾਂ । ਜਦੋਂ ਅਸੀਂ ਇਸ ਤੋਂ ਜਾਗ ਜਾਂਦੇ ਹਾਂ, ਤਾਂ ਇਹ ਅਸਲੀ ਨਹੀਂ ਰਹਿੰਦਾ ਅਤੇ ਸਾਨੂੰ ਪਤਾ ਲਗਦਾ ਹੈ ਕਿ ਇਹ ਵੀ ਇਕ ਸੁਪਨੇ ਦੀ ਤਰਾਂ ਹੀ ਨਕਲੀ ਸੀ। ਜਦੋਂ ਅਸੀਂ ਇਕ ਉਚਲੀ ਅਸਲੀਅਤ ਤੇ ਜਾਗਦੇ ਹਾਂ ਤਾਂ ਤਾਂ ਇਹ ਸਥੂਲ ਸੰਸਾਰ ਪੂਰੀ ਤਰ੍ਹਾਂ ਨਕਲੀ ਹੋ ਜਾਂਦਾਂ ਅਤੇ ਸਾਨੂੰ ਪਤਾ ਲਗਦਾ ਹੈ ਇਹ ਵੀ ਇਕ ਸੁਪਨੇ ਦੀ ਤਰਾਂ ਸੀ

ਇਸ ਲਈ, ਇਹ ਯਾਦ ਰੱਖਣਾ ਬਹੁਤ ਮਹੱਤਵਪੂਰਨ ਹੈ ਕਿ ਜਦੋਂ ਅਸੀਂ ਇੱਥੇ ਸਥੂਲ ਸੰਸਾਰ ਵਿਚ ਹੁੰਦੇ ਹਾਂ ਅਤੇ ਇਹ ਹੀ ਸਾਡੀ ਇਕੋ ਅਸਲੀਅਤ ਹੁੰਦੀ ਹੈ ਤਾਂ ਸਿਰਫ ਉਹ ਸਤਿਗੁਰੂ ਹੀ ਸਾਨੂੰ ਇਹ ਸਿਖਾ ਸਕਦਾ ਹੈ ਕਿ ਕੀ ਕਰਨਾ ਹੈ ਜੋ ਬਾਹਰ ਖੁਦ ਇੱਕ ਸਥੂਲ ਰੂਪ ਵਿਚ, ਇਕ ਸਥੂਲ ਸਰੀਰ ਵਿੱਚ ਵਿਚ ਹੋਵੇ। ਉਹ ਸਾਨੂੰ ਸਿਖਾਉਂਦਾ ਹੈ। ਪਰੰਤੂ ਜਦੋਂ ਉਹ ਅੰਦਰ ਜਾਨ ਵਿਚ ਸਾਡੀ ਮਦੱਦ ਕਰਦਾ ਹੈ ਅਤੇ ਸਾਨੂੰ ਉਸਦੇ ਸੱਚੇ ਰੂਪ ਦਾ, ਅੰਦਰ ਉਸਦੇ ਅਸਲੀ ਰੂਪ ਦਾ ਪਤਾ ਲਗਦਾ ਹੈ, ਤਾਂ ਉਸ ਪਲ ਤੋਂ ਉਹ ਕਾਮਲ ਮੁਰਸ਼ਦ ਹਰ ਸਮੇਂ ਸਾਡੇ ਨਾਲ ਹੁੰਦਾ ਹੈ। ਬਾਹਰਲਾ ਸਤਿਗੁਰੂ ਮਰ ਜਾਵੇਗਾ। ਉਹ ਸਾਡੇ ਵਰਗਾ ਇੱਕ ਸਥੂਲ ਸਰੀਰ ਹੈ। ਸਥੂਲ ਹੋਂਦ ਦਾ ਕਾਨੂੰਨ ਇਹ ਹੈ ਕਿ ਕੁਝ ਵੀ ਸਥਾਈ ਨਹੀਂ ਹੁੰਦਾ ਹੈ। ਕੋਈ ਵੀ ਇਥੇ ਹਮੇਸ਼ਾਂ ਨਹੀਂ ਰਹਿੰਦਾ , ਸਾਡੇ ਵਿੱਚੋ ਕੋਈ ਵੀ ਇਸ ਸਥੂਲ ਸ਼ਰੀਰ ਵਿਚ ਅਤੇ ਕੋਈ ਵੀ ਸਤਿਗੁਰੂ ਸਥਾਈ ਨਹੀਂ ਹੁੰਦਾ । ਬਹੁਤ ਸਾਰੇ ਪਰਮ ਸੰਤ ਸਤਿਗੁਰੂ ਆਏ ਅਤੇ ਚਲੇ ਗਏ। ਉਨ੍ਹਾਂ ਦੇ ਸਰੀਰ ਕਿੱਥੇ ਹਨ ? ਉਹ ਸਾਰੇ ਜਾ ਚੁੱਕੇ ਹਨ। ਕੋਈ ਵੀ ਇੱਥੇ ਹਮੇਸ਼ਾ ਲਈ ਨਹੀਂ ਰਹਿੰਦਾ ਹੈ। ਇਸ ਲਈ, ਇਹ ਜਰੂਰੀ ਹੈ ਕਿ ਜਦੋਂ ਸਾਡੇ ਜੀਵਨ ਵਿੱਚ ਇੱਕ ਪਰਮ ਸੰਤ ਸਤਿਗੁਰੂ ਆਉਂਦਾ ਹੈ, ਅਸੀਂ ਉਸ ਦੀ ਪਾਲਣਾ ਕਰੀਏ। ਉਸ ਤੋਂ ਨਿਰਦੇਸ਼ ਪ੍ਰਾਪਤ ਕਰੀਏ , ਉਹ ਜੋ ਕਹਿੰਦਾ ਹੈ ਉਸਨੂੰ ਸਮਝੀਏ , ਉਸ ਦੇ ਨਿਰਦੇਸ਼ਾਂ ਦੀ ਉਸ ਹੱਦ ਤਕ ਪਾਲਣਾ ਕਰੀਏ ਜਦ ਤਕ ਅਸੀਂ ਉਸ ਦੇ ਨੂਰੀ ਸਰੂਪ ਨੂੰ ਆਪਣੇ ਅੰਦਰ ਪ੍ਰਗਟ ਨਾ ਕਰ  ਲਈਏ, ਕਿਉਂਕਿ ਸਾਡੇ ਅੰਦਰ ਦਾ ਉਹ ਅਸਲ ਰੂਪ ਕਦੀ ਨਹੀਂ ਮਾਰੇਗਾ, ਭਾਵੇਂ ਸਤਿਗੁਰੂ ਦਾ ਸਥੂਲ ਸ਼ਰੀਰ ਵੀ ਮਰ ਜਾਵੇ।

ਮੇਰੇ ਸਤਿਗੁਰੂ, ਵਡੇ ਮਹਾਰਾਜ ਮੈਨੂੰ ਕਹਿੰਦੇ ਹੁੰਦੇ "ਇੱਕ ਸ਼ਿਸ਼ ਲਈ ਸਭ ਤੋਂ ਮਹੱਤਵਪੂਰਣ ਗੱਲ ਇਹ ਕਿ ਉਹ ਆਪਣੇ ਸਤਿਗੁਰੂ ਦੇ ਜਿਉਂਦੇ ਹੋਏ ਆਪਣੇ ਅੰਦਰ ਉਸ ਦਾ ਨੂਰੀ ਸਰੂਪ ਰੂਪ ਲੱਭ ਲਏ, ਸਤਿਗੁਰੂ ਦੇ ਸਥੂਲ ਸਰੀਰ ਤਿਆਗਣ ਤੋਂ ਪਹਿਲਾਂ ਉਸ ਦਾ ਨੂਰੀ ਸਰੂਪ ਆਪਣੇ ਅੰਦਰ ਪ੍ਰਗਟ ਕਰ ਲਵੇ. ਉਸ ਹਾਲਤ ਵਿਚ ਜਦੋਂ ਸਤਿਗੁਰੂ ਸਥੂਲ ਰੂਪ ਵਿਚ ਮਰ ਜਾਵੇਗਾ , ਤਾਂ ਸ਼ਿਸ਼ ਕਦੀ ਇਹ ਮਹਿਸੂਸ ਨਹੀਂ ਕਰੇਗਾ ਕਿ ਉਹ ਜਾ ਚੁੱਕਾ ਹੈ, ਕਿਉਂਕਿ ਸਤਿਗੁਰੂ ਉਸ ਦੇ ਸਾਹਮਣੇ ਖੜ੍ਹੇ ਕੇ ਕਹਿਗਾ, 'ਮੈਂ ਮਰਿਆ ਨਹੀਂ, ਮੈਂ ਇੱਥੇ ਹੀ ਹਾਂ."

ਇਕ ਵਾਰ ਜਦੋਂ ਤੁਸੀਂ ਸਤਿਗੁਰੂ ਦੇ ਨੂਰੀ ਸਰੂਪ ਨੂੰ ਸਥਾਪਤ ਕਰ ਲੈਂਦੇ ਹੋ, ਤਾਂ ਉਹ ਕਦੇ ਵੀ ਦੂਰ ਨਹੀਂ ਜਾਂਦਾ। ਉਹ ਹਰ ਵੇਲੇ ਤੁਹਾਡੇ ਨਾਲ ਹੁੰਦਾ ਹੈ। ਉਹ ਵੱਖ ਵੱਖ ਸਥਾਨਾਂ ਤੇ ਹੋ ਸਕਦਾ ਹੈ। ਉਹ ਤੁਹਾਡੇ ਨਾਲ ਬੈਠਾ ਹੋ ਸਕਦਾ ਹੈ ਅਤੇ ਤੁਸੀਂ ਉਸ ਨੂੰ ਉੱਦਾਂ ਹੀ ਦੇਖ ਸਕਦੇ ਹੋ ਜਿਵੇਂ ਤੁਸੀਂ ਸਰੀਰਕ ਸਤਿਗੁਰੂ ਨੂੰ ਵੇਖਦੇ ਹੋ। ਜਦੋਂ ਤੁਸੀਂ ਆਪਣੀ ਕਾਰ ਚਲਾਉਂਦੇ ਹੋ ਤਾਂ ਉਹ ਤੁਹਾਡੇ ਨਾਲ ਇੱਕ ਯਾਤਰੀ ਵਾਂਗ ਬੈਠਾ ਹੁੰਦਾ ਹੈ, ਅਤੇ ਤੁਸੀਂ ਉਸ ਨੂੰ ਦੇਖ ਸਕਦੇ ਹੋ। ਤੁਸੀਂ ਉਸ ਨਾਲ ਗੱਲ ਕਰ ਸਕਦੇ ਹੋ ਅਤੇ ਤੁਸੀਂ ਕਦੇ-ਕਦੇ ਸਰੀਰਕ ਆਵਾਜ਼ ਵਿੱਚ ਸਥੂਲ ਤੌਰ ਤੇ ਗੱਲ ਕਰਨਾ ਪਸੰਦ ਕਰਦੇ ਹੋ। ਤੁਹਾਨੂੰ ਜਾਪਦਾ ਹੈ ਕਿ ਜੇ ਤੁਸੀਂ ਕੁਝ ਸੋਚਦੇ ਵੀ ਹੋ , ਉਹ ਵੀ ਉਹ ਸਮਝ ਸਕਦਾ ਅਤੇ ਜਵਾਬ ਦੇ ਸਕਦਾ ਹੈ। ਇਹ ਇੱਕ ਬਹੁਤ ਵਧੀਆ ਦੋਸਤੀ ਹੁੰਦੀ ਹੈ। ਇਹ ਇਕ ਅਜਿਹੀ ਦੋਸਤੀ ਹੁੰਦੀ ਹੈ ਜਿਸਦੀ ਕਿਸੇ ਵੀ ਹੋਰ ਦੋਸਤੀ ਨਾਲ ਤੁਲਨਾ ਨਹੀਂ ਹੋ ਸਕਦੀ ਹੈ। ਅਤੇ ਸਤਿਗੁਰੂ ਦਾ ਇਹ ਨੂਰੀ ਸਰੂਪ ਜੋ ਸਥੂਲ ਤੌਰ ਤੇ ਵੀ ਦਿਖਾਈ ਦੇ ਸਕਦਾ ਹੈ, ਉਹ ਕੇਵਲ ਸਥੂਲ ਰੂਪ ਵਿਚ ਹੀ ਪ੍ਰਗਟ ਨਹੀਂ ਹੋ ਸਕਦਾ, ਉਹ ਤੁਹਾਡੇ ਤੁਹਾਡੇ ਕੋਲ ਦਿਖਾਈ ਹੀ ਨਹੀਂ ਦਿੰਦਾ ਪਰੰਤੂ ਤੁਹਾਡੇ ਵਿਚ ਸਮਾ ਸਕਦਾ ਹੈ। ਉਹ ਕਹਿ ਸਕਦਾ ਹੈ "ਠੀਕ ਹੈ, ਤੁਸੀਂ ਮੇਰੇ ਤੋਂ ਵੱਖਰੇ ਨਹੀਂ ਹੋ। ਅਖੀਰ ਵਿੱਚ ਅਸੀਂ ਸਾਰੇ ਇੱਕ ਹਾਂ।" ਅਤੇ ਸਤਿਗੁਰ ਤੁਹਾਨੂੰ ਇਸਦਾ ਅਨੁਭਵ ਸਥੂਲ ਸ਼ਰੀਰ ਵਿਚ ਹੁੰਦੇ ਹੋਈਏ ਕਰਵਾ ਦੇਂਦਾ ਹੈ। ਉਹ ਆਪਣੇ ਸੂਕ੍ਸ਼੍ਮ ਨੂਰੀ ਸਰੀਰ ਵਿਚ ਹੁੰਦਾ ਹੈ ਅਤੇ ਉਹ ਸ਼ਾਲ ਮਾਰਕੇ ਤੁਹਾਡੇ ਵਿੱਚ ਸਮਾ ਸਕਦਾ ਹੈ। ਜਦੋਂ ਇੱਦਾਂ ਹੁੰਦਾ ਹੈ ਤਾਂ ਤੁਹਾਨੂੰ ਇਹ ਨਹੀਂ ਪਤਾ ਨਹੀਂ ਲੱਗੇਗਾ ਕਿ ਇਹ ਤੁਸੀਂ ਹੋ ਜਾਂ ਉਹ ਹੈ ਜਾਂ ਦੋਵੇਂ ਇਕੋ ਹਨ ?

ਇਹ ਸਾਰੇ ਉਹ ਅਨੁਭਵ ਹਨ ਜੋ ਮੈਨੂੰ ਨਹੀਂ ਲਗਦਾ ਕਿਸੇ ਹੋਰ ਤਰੀਕੇ ਨਾਲ ਪ੍ਰਾਪਤ ਹੋ ਸਕਦੇ ਹੋਣ. ਇਸ ਲਈ ਤੁਸੀਂ ਸਤਿਗੁਰੂ ਦੇ ਸਥੂਲ ਰੂਪ ਦੀ ਸ਼ਕਤੀ ਨੂੰ ਘੱਟ ਨਾ ਸਮਝੋ, ਨਾ ਹੀ ਤੁਸੀਂ ਉਸਦੇ ਸੂਕ੍ਸ਼੍ਮ ਨੂਰੀ ਸਰੂਪ ਦੇ ਬੇਮਿਸਾਲ ਅਨੁਭਵ ਨੂੰ ਘੱਟ ਸਮਝੋ . ਸਤਿਗੁਰੂ ਦਾ ਸੂਕ੍ਸ਼੍ਮ ਸਰੂਪ ਜੋ ਕੇਵਲ ਅਭਿਆਸ ਦੌਰਾਨ ਹੀ ਨਹੀਂ ਉਹ ਹਰ ਵੇਲੇ ਤੁਹਾਡਾ ਸਾਥੀ ਹੁੰਦਾ ਹੈ. ਜੇ ਤੁਸੀਂ ਆਪਣੇ ਸੂਖਮ ਸਰੀਰ ਵਿਚ ਉੱਡਦੇ ਹੋ, ਤਾਂ ਉਹ ਤੁਹਾਡੇ ਨਾਲ ਉੱਡਦਾ ਹੈ. ਉਹ ਤੁਹਾਡੇ ਨਾਲ ਗੱਲਬਾਤ ਕਰਦਾ ਹੈ, ਤੁਹਾਡੇ ਨਾਲ ਮਜ਼ਾਕ ਕਰਦਾ ਹੈ. ਉਹ ਅਜਿਹੀਆਂ ਚੀਜਾਂ ਕਰਦਾ ਹੈ ਜੋ ਉਹ ਸਥੂਲ ਸਰੀਰਕ ਰੂਪ ਵਿੱਚ ਕਦੇ ਨਹੀਂ ਕਰਦਾ. ਇਸ ਲਈ, ਇਹ ਇੱਕ ਬਹੁਤ ਵਧੀਆ ਦੋਸਤੀ ਹੁੰਦੀ ਹੈ. ਇੱਕ ਵਾਰ ਜਦੋਂ ਇੱਕ ਪਰਮ ਸੰਤ ਸਤਿਗੁਰੂ ਤੁਹਾਨੂੰ ਦੀਖਿਆ ਦਿੰਦਾ ਹੈ ਤਾਂ ਉਹ ਤੁਹਾਨੂੰ ਉਨੀ ਦੇਰ ਤਕ ਨਹੀਂ ਛੱਡੇਦਾ, ਜਦ ਤੱਕ ਤੁਸੀਂ ਆਪਣੇ ਸੱਚੇ ਘਰ ਸੱਚਖੰਡ ਨੂੰ ਨਹੀਂ ਚਲੇ ਜਾਂਦੇ. ਉਹ ਹਮੇਸ਼ਾ ਤੁਹਾਡੇ ਨਾਲ ਰਹੇਗਾ.

ਜੇ ਤੁਸੀਂ ਆਪਣੇ ਸੱਚੇ ਘਰ ਵੱਲ ਚਲਦੇ ਹੋਏ ਰਸਤੇ ਵਿਚ ਕੁਝ ਸਮਾਂ ਬਿਤਾਉਣਾ ਚਾਹੋ, ਬਹੁਤ ਸਾਰੇ ਲੋਕ ਇਹ ਪਸੰਦ ਕਰਦੇ ਹਨ ਕਿਉਂਕਿ ਇਸ ਰਾਹ ਤੇ ਬਹੁਤ ਸਾਰੇ ਆਕਰਸ਼ਣ ਹੁੰਦੇ ਹਨ। ਇਸ ਸਥੂਲ ਸੰਸਾਰ ਨਾਲੋਂ ਵੀ ਜ਼ਿਆਦਾ ਆਕਰਸ਼ਣ ਹੁੰਦੇ ਹਨ। ਸਾਨੂੰ ਲਗਦਾ ਹੈ ਕਿ ਇਸ ਦੁਨੀਆ ਵਿੱਚ ਹੀ ਸਾਰੀਆਂ ਭਟਕਨਾਵਾਂ ਹਨ ਅਤੇ ਇੱਕ ਵਾਰ ਜਦੋਂ ਅਸੀਂ ਇਹਨਾਂ ਤੋਂ ਦੂਰ ਹੋ ਜਾਵਾਂਗੇ ਤਾਂ ਅਸੀਂ ਆਪਣੇ ਤੁਰੰਤ ਆਪਣੇ ਘਰ ਵੱਲ ਜਾ ਸਕਦੇ ਹਾਂ। ਪਰ ਇਸ ਤਰ੍ਹਾਂ ਨਹੀਂ ਹੈ। ਚੇਤਨਾ ਦੇ ਅਗਲੇ ਪੜਾਅ ਵਿਚ, ਸੂਕ੍ਸ਼੍ਮ ਮੰਡਲ ਵਿਚ, ਜਿਥੇ ਸਾਡਾ ਸੂਕ੍ਸ਼੍ਮ ਸ਼ਰੀਰ ਹੁੰਦਾ ਹੈ, ਜੋ ਕਾਫੀ ਹੱਦ ਤੱਕ ਇਸ ਸਰੀਰ ਨਾਲ ਮਿਲਦਾ-ਜੁਲਦਾ ਹੁੰਦਾ ਹੈ ਅਤੇ ਜੋ ਇਸ ਸਥੂਲ ਸਰੀਰ ਦੇ ਮਰਦੇ ਆਪਣੇ ਆਪ ਹੀ ਪ੍ਰਾਪਤ ਹੋ ਜਾਂਦਾ ਹੈ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਹਾਡਾ ਕੋਈ ਸਤਿਗੁਰੂ ਹੈ ਜਾਂ ਨਹੀਂ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕਿ ਤੁਹਾਨੂੰ ਨਾਮ ਦਾਨ ਮਿਲਿਆ ਹੋਇਆ ਹੈ ਜਾਂ ਨਹੀਂ। ਹਰ ਕੋਈ ਜੋ ਇਸ ਸਰੀਰ ਵਿਚ ਮਰਦਾ ਹੈ, ਉਸ ਨੂੰ ਤੁਰੰਤ ਹੀ ਇੱਕ ਹੋਰ ਸਰੀਰ ਪ੍ਰਾਪਤ ਹੋ ਜਾਂਦਾ ਹੈ ਜਿਸਨੂੰ ਸੂਕ੍ਸ਼੍ਮ ਸ਼ਰੀਰ ਕਿਹਾ ਜਾਂਦਾਂ ਹੈ। ਸਾਡੇ ਸੂਖਮ ਸਰੀਰ ਦੀ ਉਮਰ ਜਿਆਦਾ ਹੁੰਦੀ ਹੈ। ਇਕੋ ਸੂਖਮ ਸਰੀਰ ਕਈ ਹਜ਼ਾਰਾਂ ਸਾਲਾਂ ਦੌਰਾਨ ਕਈ ਸਰੀਰਿਕ ਰੂਪਾਂ ਵਿਚ ਪੈਦਾ ਹੁੰਦਾ ਹੈ। ਇਸ ਲਈ ਸੂਖਮ ਸਰੀਰ ਜ਼ਿਆਦਾ ਸਥਾਈ ਹੁੰਦਾ ਹੈ ਅਤੇ ਦੁਨਿਆਵੀ ਸਥੂਲ ਸੰਸਾਰ ਨਾਲੋਂ ਸੂਖਮ ਜੀਵਨ ਉਸ ਸੂਕ੍ਸ਼੍ਮ ਦੁਨੀਆ ਵਿਚ ਜਿਆਦਾ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਅਤੇ ਤੁਸੀਂ ਦੇਖੋਗੇ ਕਿ ਉਥੇ ਇੱਥੋਂ ਨਾਲੋਂ ਵੀ ਜਿਆਦਾ ਭਟਕਾਉਣ ਜਾ ਮਨ ਨੂੰ ਖਿੰਡਾਉਣ ਵਾਲਿਆਂ ਚੀਜਾਂ ਹਨ। ਉੱਥੇ ਇਨੇ ਸ਼ਾਨਦਾਰ ਭਟਕਨਾਵਾਂ ਅਤੇ ਆਕਰਸ਼ਣ ਹੁੰਦੇ ਹਨ ਕਿ ਬਹੁਤ ਸਾਰੇ ਲੋਕ ਸਾਰਾ ਸਮਾਂ ਉੱਥੇ ਹੀ ਰਹਿਣਾ ਚਾਹੁੰਦੇ ਹਨ। ਬਹੁਤ ਸਾਰੇ ਲੋਕ ਜਦੋਂ ਉਸ ਪੜਾਅ ਤੇ ਪਹੁੰਚਦੇ ਹਨ ਤਾਂ ਉਹ ਸੋਚਦੇ ਹਨ ਕਿ ਉਹ ਆਪਣੇ ਸੱਚੇ ਘਰ ਤੱਕ ਪਹੁੰਚ ਚੁੱਕੇ ਹਨ। ਸਾਰੇ ਸਵਰਗ ਉੱਥੇ ਹਨ। ਕੁਝ ਨਰਕ ਵੀ ਉੱਥੇ ਹਨ। ਉਹ ਲੋਕ ਸੋਚਦੇ ਹਨ ਕਿ ਇਹ ਉਹੀ ਅਜਿਹੀ ਜਗ੍ਹਾ ਹੈ ਜਿਥੋਂ ਹਰ ਚੀਜ ਦਾ ਆਰੰਭ ਹੋਇਆ ਸੀ। ਉਹ ਇਸ ਤਰ੍ਹਾਂ ਹੀ ਦਿਖਦਾ ਹੈ। ਇਸ ਲਈ ਤੁਸੀਂ ਉੱਥੇ ਫਸ ਜਾਂਦੇ ਹੋ, ਅਤੇ ਬਹੁਤ ਵਾਰ ਇੱਕ ਪਰਮ ਸੰਤ ਸਤਿਗੁਰੂ ਜੋ ਤੁਹਾਨੂੰ ਘਰ ਵਾਪਸ ਲਿਆਉਣਾ ਚਾਹੁੰਦਾ ਹੈ, ਜੋ ਤੁਹਾਡੇ ਨਾਲ ਹੁੰਦਾ ਹੈ, ਕਹਿੰਦਾ ਹੈ, "ਆਓ ਘਰ ਚਲੀਏ।"

ਜਿਵੇਂ ਕਿ ਮੈਂ ਤੁਹਾਨੂੰ ਦੱਸ ਰਿਹਾ ਸੀ ... ਇਕ ਛੋਟੀ ਉਮਰ ਦੀ ਕੁੜੀ ਸੀ, ਇਕ ਬਹੁਤ ਹੀ ਸੁੰਦਰ ਅੰਗ੍ਰੇਜ਼ ਕੁੜੀ ਜੋ ਵੱਡੇ ਮਹਾਰਾਜ ਕੋਲ ਆਈ. ਉਹ ਬਹੁਤ ਹੀ ਸੁੰਦਰ ਸੀ. ਮੇਰੀ ਉਮਰ ਛੋਟੀ ਸੀ. ਮੈਂ ਉਸ ਨਾਲੋਂ ਵੀ ਛੋਟੀ ਉਮਰ ਦਾ ਸੀ. ਮੈਂ ਕਿਸ਼ੋਰ ਉਮਰ ਦਾ ਸੀ. ਉਹ ਇੰਨੀ ਸੋਹਣੀ ਸੀ ਕਿ ਮੈਂ ਉਸ ਦੇ ਚਿਹਰੇ ਵੱਲ ਖਿੱਚਿਆ ਜਾ ਰਿਹਾ ਸੀ. ਵੱਡੇ ਮਹਾਰਾਜ ਸਤਿਗੁਰੂ ਦੇ ਪ੍ਰਵਚਨ ਦੌਰਾਨ, ਸਤਸੰਗ ਦੌਰਾਨ ਮੈਂ ਮਾਹਰਾਜ ਦੀ ਬਜਾਏ ਉਸ ਵਲ ਦੇਖ ਰਿਹਾ ਸੀ. ਮੈਂ ਉਮੀਦ ਕਰ ਰਿਹਾ ਸੀ ... ਜਿਵੇਂ ਤੁਸੀਂ ਜਾਣਦੇ ਹੋ, ਜਦੋਂ ਤੁਸੀਂ ਕਿਸੇ ਨੂੰ ਦੇਖਦੇ ਹੋ ਤਾਂ ਉਸ ਵਿਅਕਤੀ ਨੂੰ ਲਗਦਾ ਹੈ ਕਿ ਕੋਈ ਦੇਖ ਰਿਹਾ ਹੈ, ਤੇ ਉਹ ਪਲਟ ਕੇ ਤੁਹਾਡੇ ਵਲ ਦੇਖਦਾ ਹੈ. ਇਸ ਲਈ ਮੈਂ ਉਮੀਦ ਕਰ ਰਿਹਾ ਸੀ ਕਿ ਉਹ ਮੇਰੀ ਤੱਕਣੀ ਨਾਲ ਪਲਟ ਕੇ ਦੇਖੇਗੀ. ਉਹ ਬਹੁਤ ਸੋਹਣੀ ਸੀ, ਪਰ ਉਹ ਬਿਲਕੁਲ ਨਹੀਂ ਪਲਟੀ. ਉਸ ਦੀ ਨਿਗਾਹ ਚਿੱਟੀ ਦਾੜ੍ਹੀ ਵਾਲੇ ਇਨਸਾਨ ਤੇ ਸੀ ਜੋ ਪ੍ਰਵਚਨ ਦੇ ਰਿਹਾ ਸੀ. ਉਹ ਵੱਡੇ ਮਹਾਰਾਜ ਵਲ ਗਿਲਿਆਂ ਅੱਖਾਂ ਨਾਲ ਦੇਖ ਰਹੀ ਸੀ, ਅਤੇ ਉਹ ਪ੍ਰੀਤ ਜੋ ਉਹ ਦਿਖਾ ਰਹੀ ਸੀ ... ਉਹ ਦੇਖ ਕੇ ਮੈਂ ਭਾਵੁਕ ਹੋ ਉਠਿਆ ਕਿ ਇਸ ਅਲ੍ਹੜ ਉਮਰ ਵਿਚ ... ਉਹ ਕੇਵਲ 18 ਸਾਲਾਂ ਦੀ ਸੀ ... ਉਸ ਦੀ ਇਕ ਸਤਿਗੁਰੂ ਲਈ ਅਜਿਹੀ ਭਾਵਨਾ ਹੋ ਸਕਦੀ ਹੈ.

ਇਸ ਲਈ ਉਸ ਘਟਨਾ ਤੋਂ ਬਾਅਦ ਮੈਂ ਉਸ ਕੁੜੀ ਦਾ ਬਹੁਤ ਸਤਿਕਾਰ ਕਰਨ ਲਗ ਪਿਆ. ਜਿਸ ਦਿਨ ਉਹ ਆਈ ਸੀ, ਉਸੇ ਦਿਨ ਉਸ ਨੂੰ ਨਾਮ ਮਿਲ ਗਿਆ ਸੀ. ਉਹ ਇਕ ਅੰਗ੍ਰੇਜ਼ ਕਰਨਲ ਦੇ ਨਾਲ ਆਈ ਸੀ ਜੋ ਭਾਰਤ ਵਿਚ ਤਾਇਨਾਤ ਸੀ ਅਤੇ ਕਿਸੇ ਤਰੀਕੇ ਉਹ ਡੇਰੇ ਵਿਚ ਪਹੁੰਚੇ ਸਨ. ਉਸ ਨੇ ਡੇਰੇ ਵਿਚ ਸਿਮਰਨ ਅਭਿਆਸ ਕੀਤਾ ਜੋ ਉਸ ਨੇ ਵਾਪਸ ਜਾ ਕੇ ਵੀ ਜਾਰੀ ਰਖਿਆ. ਫਿਰ ਉਸਨੇ ਮਹਾਰਾਜ ਨੂੰ ਇਕ ਪੱਤਰ ਲਿਖਿਆ. ਉਹ ਪੱਤਰ ਅੰਗ੍ਰੇਜ਼ੀ ਵਿੱਚ ਸੀ ਜਿਸਨੂੰ ਮਹਾਰਾਜ ਨੇ ਅਜਿਹੇ ਵਿਅਕਤੀਆਂ ਨੂੰ ਦੇ ਦਿੱਤਾ ਜੋ ਉਨ੍ਹਾਂ ਲਈ ਪੱਤਰਾਂ ਦੇ ਉੱਤਰ ਦਿੰਦੇ ਸਨ. ਪੱਤਰਾਂ ਦੇ ਉੱਤਰ ਦੇਣ ਵਾਲੇ ਇਨ੍ਹਾਂ ਲੋਕਾਂ ਵਿਚ ਮੇਰੇ ਦਾਦਾ ਜੀ ਵੀ ਜਿਨ੍ਹਾਂ ਦਾ ਨਾਮ ਬਾਈ ਬਿਸ਼ਨ ਦਾਸ ਪੁਰੀ ਸੀ. ਉਨ੍ਹਾਂ ਨੇ ਇਹ ਪੱਤਰ ਬਾਈ ਬਿਸ਼ਨ ਦਾਸ ਨੂੰ ਦੇ ਦਿੱਤਾ ਅਤੇ ਕਿਹਾ: "ਇਹ ਚਿੱਠੀ ਲਓ, ਅਤੇ ਮੈਂ ਤੈਨੂੰ ਦੱਸਾਂਗਾ ਕਿ ਕੀ ਜਵਾਬ ਦੇਣਾ ਹੈ."

ਸੋ ਮੇਰੇ ਦਾਦੇ ਨੇ, ਭਾਵੇਂ ਮੈਂ ਕਿਸ਼ੋਰ ਉਮਰ ਦਾ ਸੀ, ਨੇ ਮੈਨੂੰ ਕਿਹਾ, "ਈਸ਼ਵਰ, ਤੂੰ ਇਸ ਪੱਤਰ ਨੂੰ ਪੜ੍ਹ ਅਤੇ ਇਸਦੀ ਇੱਕ ਕਾਪੀ ਆਪਣੇ ਕੋਲ ਰੱਖ ਲੈ।" ਮੈਨੂੰ ਕੁਝ ਨਹੀਂ ਸੀ ਸੁਝ ਰਿਹਾ। ਉਨ੍ਹਾਂ ਨੇ ਕਦੇ ਮੈਨੂੰ ਕੋਈ ਹੋਰ ਪੱਤਰ ਨਹੀਂ ਸੀ ਦਿੱਤਾ। ਉਨ੍ਹਾਂ ਨੇ ਕਦੇ ਵੀ ਮੈਨੂੰ ਵੱਡੇ ਮਹਾਰਾਜ ਦਾ ਕੋਈ ਹੋਰ ਪੱਤਰ ਨਹੀਂ ਸੀ ਦਿਖਾਇਆ, ਸਿਰਫ ਉਹੀ ਇੱਕ ਪੱਤਰ ਦਿੱਤਾ ਸੀ, ਅਤੇ ਮੈਂ ਉਸਨੂੰ ਪੜ੍ਹਿਆ। ਉਸ ਲੜਕੀ ਨੇ ਲਿਖਿਆ ਸੀ ਕਿ ਉਸ ਨੇ ਸਿਮਰਨ ਅਭਿਆਸ ਵਿੱਚ ਬਹੁਤ ਸਫਲਤਾ ਪ੍ਰਾਪਤ ਕੀਤੀ।ਉਸਨੇ ਲਿਖਿਆ ਸੀ, "ਜਿਵੇਂ ਕਿ ਮੈਂ ਤੁਹਾਨੂੰ ਡੇਰਾ ਛੱਡਣ ਤੋਂ ਪਹਿਲਾਂ ਹੀ ਦੱਸਿਆ ਸੀ ਮੈਂ ਪਹਿਲਾਂ ਹੀ ਤੁਹਾਡੇ ਨੂਰੀ ਸਰੂਪ ਤੱਕ ਪਹੁੰਚ ਚੁੱਕੀ ਸੀ, ਅਤੇ ਮੈਨੂੰ ਪਤਾ ਸੀ ਕਿ ਤੁਸੀਂ ਮੈਨੂੰ ਸੱਚੇ ਘਰ ਲੈਜਾ ਰਹੇ ਹੋ, ਪਰ ਮੇਰਾ ਮਨ ਉਨ੍ਹਾਂ ਸੁੰਦਰ ਚੀਜ਼ਾਂ ਦੁਆਰਾ ਭਟਕ ਰਿਹਾ ਸੀ ਜਿਨ੍ਹਾਂ ਨੂੰ ਮੈਂ ਸੂਕਸ਼ਮ ਮੰਡਲ ਵਿਚ ਦੇਖਿਆ, ਅਤੇ ਮੈਂ ਹੋਰ ਅੱਗੇ ਨਹੀਂ ਸੀ ਜਾਣਾ ਚਾਹੁੰਦੀ। ਉਹ ਇੱਥੋਂ ਨਾਲੋਂ ਵੀ ਜਿਆਦਾ ਧਿਆਨ ਭੰਗ ਕਰਨ ਵਾਲੀਆਂ ਚੀਜ਼ਾਂ ਸਨ। ਮੈਂ ਸੁੰਦਰਤਾ ਦੀ ਬਹੁਤ ਤਾਰੀਫ ਕਰਦੀ ਹਾਂ। ਮੈਂ ਸੁੰਦਰਤਾ ਤੋਂ ਜਲਦ ਪ੍ਰਭਾਵਿਤ ਹੋ ਜਾਂਦੀ ਹਾਂ ਅਤੇ ਸੂਖਮ ਮੰਡਲ ਦੀ ਸੁੰਦਰਤਾ ਮੇਰੀ ਕਲਪਨਾ ਤੋਂ ਵੀ ਪਰੇ ਸੀ। ਮੈਂ ਹੋਰ ਅੱਗੇ ਨਹੀਂ ਸੀ ਜਾਣਾ ਚਾਹੁੰਦੀ। ਮੈਂ ਜਾਣਦੀ ਹਾਂ ਕਿ ਤੁਸਾਂ ਨੇ ਮੈਨੂੰ ਕੁਝ ਸਮੇਂ ਲਈ ਉੱਥੇ ਰਹਿਣ ਦੀ ਇਜਾਜ਼ਤ ਦਿੱਤੀ ਸੀ, ਪਰ ਫਿਰ ਤੁਸੀਂ ਮੈਨੂੰ ਕਿਹਾ, 'ਤੈਨੂੰ ਚਲਨਾ ਹੋਵੇਗਾ।' ਤੁਸੀਂ ਮੈਨੂੰ ਖਿੱਚ ਲਿਆ ਹੈ, ਅਤੇ ਮੈਨੂੰ ਪਤਾ ਹੈ ਕਿ ਤੁਸੀਂ ਮੈਨੂੰ ਇਨ੍ਹਾਂ ਸਾਰੀਆਂ ਭਟਕਣਾਂ ਤੋਂ ਪਰੇ ਲੈ ਗਏ। ਜੇ ਤੁਸੀਂ ਮੈਨੂੰ ਨਹੀਂ ਖਿੱਚਿਆ ਹੁੰਦਾ ਤਾਂ ਮੈਂ ਉੱਥੇ ਹਮੇਸ਼ਾਂ ਲਈ ਹੀ ਫੱਸ ਜਾਣਾ ਸੀ। ਮੈਨੂੰ ਪਤਾ ਹੈ ਕਿ ਮੈਂ ਹੁਣ ਬੇਹੱਦ ਸੁਨਸਾਨ ਦੇ ਨੇੜੇ ਹਾਂ ਅਤੇ ਤੁਸੀਂ ਇਸ ਨੂੰ ਪਾਰ ਕਰਨ ਵਿਚ ਮੇਰੀ ਮਦਦ ਕਰੋਗੇ।" ਇਹ ਉਸਦੇ ਅੰਦਰਲੇ ਅਨੁਭਵਾਂ ਦਾ ਵਰਣਨ ਕਰਨ ਵਾਲਾ ਇੱਕ ਸੁੰਦਰ ਪੱਤਰ ਸੀ। ਮੇਰਾ ਉਸ ਕੁੜੀ ਦੇ ਪ੍ਰਤੀ ਬਹੁਤ ਸਤਿਕਾਰ ਸੀ।

ਉਹ ਇੰਗਲੈਂਡ ਵਾਪਸ ਆ ਗਈ ਜਿਥੇ ਮੈਂ ਉਸ ਨੂੰ ਮਿਲਿਆ, ਅਤੇ ਉਸ ਤੋਂ ਬਾਅਦ ਉਸ ਨੇ ਆਪਣੇ ਸਤਿਗੁਰ ਨਾਲ ਹੋਏ ਅਨੁਭਵਾਂ ਬਾਰੇ ਇਕ ਸੁੰਦਰ ਕਿਤਾਬ ਵੀ ਲਿਖੀ ਜਿਸ ਵਿਚ ਉਸ ਨੇ ਆਪਣੇ ਅੰਦਰੂਨੀ ਅਨੁਭਵਾਂ ਦਾ ਜ਼ਿਕਰ ਨਹੀਂ ਕੀਤਾ.

ਉੱਥੇ ਮੰਨ ਨੂੰ ਭਟਕਾਉਣ ਵਿਲੀਆਂ ਬਹੁਤ ਚੀਜਾਂ ਹਨ ਪਰ ਸਾਨੂੰ ਲਗਦਾ ਹੈ ਕਿ ਭਟਕਣ ਕੇਵਲ ਇੱਥੇ ਹੀ ਹੈ. ਸਾਨੂੰ ਲਗਦਾ ਹੈ ਕਿ ਇਕ ਵਾਰੀ ਜਦੋਂ ਅਸੀਂ ਇੱਥੋਂ ਆਪਣੀ ਤਵੱਜੋ ਖਿੱਚ ਲਵਾਂਗੇ ਤਾਂ ਅਸੀਂ ਸਿੱਧੇ ਹੀ ਆਪਣੇ ਸੱਚੇ ਘਰ ਪਹੁੰਚ ਜਾਵਾਂਗੇ – ਪਰ ਇੰਝ ਨਹੀਂ ਹੈ.

ਪਰੰਤੂ ਭਾਵੇਂ ਸਾਨੂੰ ਆਪਣੇ ਸਾਚੇ ਘਰ ਦੇ ਸਫ਼ਰ ਵਿਚ ਹਜ਼ਾਰਾਂ ਸਥੂਲ ਸਾਲ ਲਗ ਜਾਣ, ਉਹੀ ਸਤਿਗੁਰੂ ਜਿਸਦਾ ਨੂਰੀ ਸਰੂਪ ਦਿਖਾਈ ਦਿੰਦਾ ਹੈ , ਅਤੇ ਜਿਸ ਤੋਂ ਬਾਅਦ ਅਸੀਂ ਕਦੇ ਵੀ ਸਥੂਲ ਜਨਮ ਨਹੀਂ ਲਵਾਂਗੇ , ਉਹੀ ਸਤਿਗੁਰੂ ਹਜ਼ਾਰਾਂ ਸਾਲਾਂ ਤੱਕ ਸਾਡੇ ਨਾਲ ਰਹੇਗਾ। ਉਹ ਸਾਨੂੰ ਕਦੇ ਨਹੀਂ ਛੱਡੇਗਾ। ਉਹ ਉਦੋਂ ਤੱਕ ਸਾਡੇ ਨਾਲ ਰਹੇਗਾ ਜਦੋਂ ਤੱਕ ਅਸੀਂ ਘਰ ਵਾਪਸ ਨਹੀਂ ਪਹੁੰਚ ਕੇ ਇਕ ਵਿਚ ਨਹੀਂ ਸਮਾਂ ਜਾਂਦੇ ਅਤੇ ਤੁਸੀਂ, ਸਤਿਗੁਰੂ ਅਤੇ ਸਿਰਜਣਹਾਰ ਇੱਕਮਿੱਕ ਨਹੀਂ ਹੋ ਜਾਂਦੇ। ਉਹ ਸਾਡਾ ਸੱਚਾ ਘਰ ਹੈ। ਸਾਡਾ ਸੱਚਾ ਘਰ ਉਹ ਹੈ ਜਿੱਥੇ ਸਿਰਫ ਇੱਕ ਹੀ ਸਮੁੱਚੀ ਚੇਤਨਾ ਹੈ। ਉੱਥੇ ਕੋਈ ਵੰਡ ਨਹੀਂ ਹੈ। ਕੋਈ ਵਿਛੋੜਾ ਨਹੀਂ ਹੈ। ਵਿਛੋੜੇ ਦਾ ਵਿਚਾਰ ਉਦੋਂ ਤੱਕ ਨਹੀਂ ਪੈਦਾ ਹੁੰਦਾ ਜਦੋਂ ਤੱਕ ਸਾਡੇ ਕੋਲ ਮਨ ਨਹੀਂ ਆਉਂਦਾ। ਮਨ ਸਾਨੂੰ ਵੱਖ ਕਰਦਾ ਹੈ। ਅਸੀਂ ਸੋਚਦੇ ਹਾਂ ਕਿ ਅਸੀਂ ਸਾਰੇ ਵੱਖਰੇ ਹਾਂ। ਅਸੀਂ ਸੋਚਦੇ ਹਾਂ ਕਿ ਅਸੀਂ ਪਰਮੇਸ਼ੁਰ ਤੋਂ ਵੀ ਵੱਖ ਹੋ ਚੁੱਕੇ ਹਾਂ। ਅਸੀਂ ਸੋਚਦੇ ਹਾਂ ਕਿ ਅਸੀਂ ਆਪਣੇ ਅੰਦਰੂਨੀ ਆਪੇ ਤੋਂ ਵਿਛੜ ਗਏ ਹਾਂ। ਇਹ ਸਭ ਵਿਭਾਜਨ ਸਾਡੇ ਆਪਣੇ ਮਨ ਦੀ ਸਿਰਜਣਾ ਹੈ। ਜੇਕਰ ਸਾਡਾ ਮਨ ਹਟਾ ਦਿੱਤਾ ਜਾਵੇ ਤਾਂ ਵਿਛੋੜਾ

ਖਤਮ ਹੋ ਜਾਵੇਗਾ, ਅਤੇ ਅਸੀਂ ਸਾਰੇ ਇੱਕ ਹੋ ਜਾਵਾਂਗੇ।

ਇਕ ਨਿਕਾ ਜੇਹਾ ਯੰਤਰ ਸਾਡੀ ਚੇਤਨਾ ਵਿਚ ਸਥਾਪਿਤ ਕੀਤਾ ਗਿਆ ਹੈ, ਜਿਸ ਨੂੰ ਅਸੀਂ ਮਨੁੱਖੀ ਮਨ ਕਹਿੰਦੇ ਹਾਂ, ਸੋਚਣ ਵਾਲਾ ਮਨ ਕਹਿੰਦੇ ਹਾਂ। ਇਹ ਹੈਰਾਨੀਜਨਕ ਗੱਲ ਹੈ ਕਿ ਇਹ ਮਨ ਇਸ ਤਰ੍ਹਾਂ ਦੀ ਅਜੀਬ ਸਥਿਤੀ ਬਣਾ ਸਕਦਾ ਹੈ ਤਾਂ ਕਿ ਇਕ ਤੋਂ ਅਨੇਕ ਬਣ ਜਾਣ , ਵਖਰੇਵਾਂ ਹੋ ਜਾਵੇ , ਅਤੇ ਫਿਰ ਇਕ ਵਖਰੇਵਾਂ ਸਾਡੇ ਸਾਰੇ ਅਨੁਭਵਾਂ ਦਾ ਆਧਾਰ ਬਣ ਜਾਵੇ । ਅੱਜ ਸੰਸਾਰ ਦਾ ਸਾਡਾ ਕੀ ਤਜ਼ਰਬਾ ਹੈ ? ਵਖਰੇਵਾਂ ਜਾਂ ਵੱਖਰਾਪਣ ਇਸ ਦਾ ਆਧਾਰ ਹੈ। ਤੁਸੀਂ ਕਿਸੇ ਨੂੰ ਪਿਆਰ ਕਰਨਾ ਚਾਹੁੰਦੇ ਹੋ ਕਿਉਂਕਿ ਉਹ ਵੱਖਰਾ ਹੈ। ਤੁਸੀਂ ਚੀਜ਼ਾਂ ਨੂੰ ਪਿਆਰ ਕਰਦੇ ਹੋ ਕਿਉਂਕਿ ਉਹ ਵੱਖਰੀਆਂ ਹਨ। ਤੁਸੀਂ ਇਸ ਸੰਸਾਰ ਨੂੰ ਪਿਆਰ ਕਰਦੇ ਹੋ ਕਿਉਂਕਿ ਇਹ ਅਲੱਗ ਹੈ। ਤੁਸੀਂ ਪਰਮੇਸ਼ੁਰ ਨੂੰ ਪਿਆਰ ਕਰਦੇ ਹੋ ਕਿਉਂਕਿ ਉਹ ਅਲੱਗ ਹੈ। ਤੁਸੀਂ ਪਰਮੇਸ਼ੁਰ ਦੀ ਉਪਾਸਨਾ ਕਰਦੇ ਹੋ ਕਿਉਂਕਿ ਇਹ ਵੱਖਰਾ ਹੈ। ਕੁਝ ਵੱਖਰਾ ਨਹੀਂ ਹੈ! ਫਿਰ ਵੀ ਮਨ ਹਰ ਚੀਜ ਵੱਖਰੀ ਦਿਖਾਉਂਦਾ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਇੱਕ ਛੋਟਾ ਜਿਹਾ ਯੰਤਰ । ਮੈਂ ਇਸਨੂੰ ਇਕ ਕੰਪਿਊਟਰ ਵਰਗੇ ਯੰਤਰ ਤੋਂ ਸਿਵਾਏ ਕੋਈ ਵੀ ਹੋਰ ਚੀਜ਼ ਨਹੀਂ ਕਹਿੰਦਾ । ਇਹ ਛੋਟਾ ਜੇਹਾ ਕੰਪਿਊਟਰ ਸਾਡੀ ਚੇਤਨਾ ਵਿੱਚ ਸਥਾਪਿਤ ਕੀਤਾ ਹੋਇਆ ਹੈ ਅਤੇ ਇਸ ਨੂੰ ਕੰਮ ਕਰਨ ਦੀ ਸਾਰੀ ਸ਼ਕਤੀ ਸਾਡੇ ਆਪੇ ਤੋਂ ਪ੍ਰਾਪਤ ਹੋ ਰਹੀ ਹੈ! ਆਪਾ ਜਾਂ ਸਵੈ ਸਾਡੀ ਰੂਹ ਹੈ।

ਚੇਤਨਾ ਆਪਣੇ ਆਪ ਵਿਚ ਚੇਤਨਾ ਦੀ ਹੀ ਇੱਕ ਇਕਾਈ ਹੈ, ਸਾਡੀ ਰੂਹ ਹੈ, ਇਹ ਸਾਡੇ ਮਨ ਨੂੰ ਕੰਮ ਕਰਨ ਦੀ ਸ਼ਕਤੀ ਪ੍ਰਦਾਨ ਕਰਦੀ ਹੈ, ਸਾਡੀਆਂ ਗਿਆਨ-ਇੰਦਰੀਆਂ ਨੂੰ ਚਲਾਉਂਦੀ ਹੈ, ਸਾਡੇ ਸੂਕਸ਼ਮ ਸਰੀਰ ਅਤੇ ਸਾਡੇ ਸਥੂਲ ਸਰੀਰ ਨੂੰ ਸ਼ਕਤੀ ਦਿੰਦੀ ਹੈ, ਸਾਰਾ ਕੁਝ ਅਨੁਭਵ ਕਰਨ ਦੀ ਸ਼ਕਤੀ ਦਿੰਦੀ ਹੈ। ਆਤਮਾ ਹੀ ਸ਼ਕਤੀ ਹੈ। ਇਹ ਜੀਵਨ ਹੈ! ਇਹ ਜੀਵਨ ਸ਼ਕਤੀ ਹੈ! ਇਹ ਸਾਰੀਆਂ ਚੀਜ਼ਾਂ ਨੂੰ ਸ਼ਕਤੀ ਦਿੰਦੀ ਹੈ, ਪਰ ਫਿਰ ਵੀ ਮਨ ਵਖਰੇਵੇਂ ਦੇ ਅਜਿਹੇ ਨਾਟਕ ਦੀ ਰਚਨਾ ਕਰਦਾ ਹੈ।

ਮਨ, ਸਮੇਂ ਅਤੇ space ਜਾਂ ਜਗਾ ਦਾ ਸਿਰਜਨਹਾਰ ਹੈ। ਸਮਾਂ ਸਾਨੂੰ ਅਤੀਤ, ਵਰਤਮਾਨ ਅਤੇ ਭਵਿੱਖ ਵਿਚ ਵੰਡਦਾ ਹੈ। ਘਟਨਾਵਾਂ ਨੂੰ ਪਹਿਲਾਂ ਅਤੇ ਬਾਅਦ ਵਿਚ ਘਟਿਤ ਕਰਦਾ ਹੈ। ਅਸਲ ਵਿਚ ਬਾਅਦ ਅਤੇ ਪਹਿਲਾਂ ਕੁਝ ਵੀ ਨਹੀਂ ਹੁੰਦਾ। ਇਹ ਸਭ ਇੱਕ ਹੈ, ਪਰ ਮਨ ਇਸ ਨੂੰ ਵੱਖਰੀ ਤਰ੍ਹਾਂ ਦਿਖਾਉਂਦਾ ਹੈ। ਇਹ ਸਪੇਸ ਤਿਆਰ ਕਰਦਾ ਹੈ। ਚੀਜ਼ਾਂ ਵੱਖਰੀਆਂ ਹਨ। ਇਹ ਨੇੜੇ ਹੈ, ਉਹ ਬਹੁਤ ਦੂਰ ਹੈ। ਸਮੇਂ ਅਤੇ space ਦਾ ਇਹ ਅਨੁਭਵ ਅਤੇ ਫਿਰ ਇਹ ਵਖਰੇਵਾਂ, ਇਸ ਸਾਰੇ ਬ੍ਰਹਿਮੰਡ ਨੂੰ ਚਲਾ ਰਿਹਾ ਹੈ। ਸਚਾਈ ਬਿਲਕੁਲ ਵੀ ਇਸ ਤਰਾਂ ਨਹੀਂ ਹੈ। ਸਚਾਈ ਇਹ ਹੈ ਕੀ ਸਿਰਫ ਇਕ ਹੀ ਹੈ । ਅਤੇ ਉਹ ਇਕ ਕੌਣ ਹੈ ? ਅਸੀਂ ਉਹ ਇਕ ਹਾਂ ! ਅਸੀਂ, ਅਸੀਂ ਸਾਰੇ, ਉਹ ਇਕ ਹਾਂ। ਸੱਭ ਕੁਝ ਜੋ ਅਸੀਂ ਜਾਣਦੇ ਹਾਂ, ਉਹ ਇਕ ਹੀ ਹੈ। ਜਦ ਤੁਸੀਂ ਆਪਣੇ ਸੱਚੇ ਘਰ ਵਿੱਚ ਜਾ ਕੇ ਸਮਝੋ ਗੇ ਕੀ ਸੱਭ ਕੁਝ ਜਿਸ ਦਾ ਤੁਸੀਂ ਕਦੀ ਵੀ ਅਨੁਭਵ ਕੀਤਾ, ਉਹ ਵਾਪਸ ਇਕ ਵਿਚ ਖਿੱਚ ਲਿਆ ਜਾਵੇਗਾ, ਤਦ ਤੁਸੀਂ ਦੇਖੋਗੇ ਕਿ ਇਹ ਕਿਵੇਂ ਪੜਾਅ ਦਰ ਪੜਾਅ, ਸ੍ਰਿਸ਼ਟੀ ਅਤੇ ਚੇਤਨਾ ਦੇ ਵੱਖ ਵੱਖ ਪੱਧਰਾਂ ਤੇ ਘਟਿਤ ਹੋਏ।

ਇਸ ਲਈ, ਤੁਸੀਂ ਮਨ ਦੇ ਤਿੰਨਾਂ ਸੰਸਾਰਾਂ ਵਿੱਚ ਵਖਰੇਵਾਂ ਹੁੰਦਾ ਦੇਖਿਆ। ਅਤੇ ਇਹ ਤਿੰਨ ਸੰਸਾਰ ਹੁਣ ਇੱਕ ਸਥਾਈ ਬ੍ਰਹਿਮੰਡ, ਅਨੰਤ ਬ੍ਰਹਿਮੰਡ ਦੇ ਰੂਪ ਵਿੱਚ ਚਲ ਰਹੇ ਹਨ। ਲਗਦਾ ਹੈ ਜਿਵੇਂ ਇਹ ਸਾਡੇ ਲਈ ਅਨੰਤ ਜੀਵਨ ਹੈ। ਅਸੀਂ ਬਾਰ ਬਾਰ ਜਨਮ ਲੈਂਦੇ ਹਾਂ। ਜੇ ਸਮੇ ਨਾ ਹੁੰਦਾ ਤਾਂ ਤੁਸੀਂ ਬਾਰ ਬਾਰ ਜਨਮ ਕਿਵੇਂ ਲੈ ਸਕਦੇ ਸੀ? ਜੇ ਕੋਈ ਅਗਲੀ ਜਾਂ ਪਿਛਲੀ ਜ਼ਿੰਦਗੀ ਨਹੀਂ ਹੁੰਦੀ? ਇਸ ਵਖਰੇਵੇਂ ਕਰਕੇ ਦੁਬਾਰਾ ਜਨਮ ਹੁੰਦਾ ਹੈ। ਇਹ ਵਖਰੇਵਾਂ ਹੀ ਕਰਮ ਦੀ ਜ਼ਰੂਰਤ ਨੂੰ ਪੈਦਾ ਕਰਦਾ ਹੈ, ਕਿਉਂਕਿ ਜਦੋਂ ਸਮੇਂ ਅਤੇ ਸਪੇਸ ਵਿਚ ਵਖਰੇਵਾਂ ਹੁੰਦਾ ਹੈ, ਤਾਂ ਤੁਸੀਂ ਘਟਨਾਵਾਂ ਬਣਾਉਂਦੇ ਹੋ। ਤੁਸੀਂ ਇੱਥੇ ਕੁਝ ਬਣਾਉਂਦੇ ਹੋ ਅਤੇ ਉੱਥੇ ਕੁਝ ਬਣਾਉਂਦੇ ਹੋ, ਕੁਛ ਹੁਣ ਬਣਾਉਂਦੇ ਹੋ ਕੁੱਛ ਬਾਅਦ ਵਿਚ। ਇਸ ਤਰਾਂ ਕਰਨ ਨਾਲ ਤੁਸੀਂ ਘਟਨਾਵਾਂ ਨੂੰ ਸਿਰਜਦੇ ਹੋ। ਜਦੋਂ ਤੁਸੀਂ ਘਟਨਾਵਾਂ ਨੂੰ ਬਣਾਉਂਦੇ ਹੋ, ਉਨ੍ਹਾਂ ਘਟਨਾਵਾਂ ਨੂੰ ਇਕ ਦੂਜੇ ਨਾਲ ਜੋੜਦੇ ਹੋ, ਤਦ ਕਾਰਨ ਅਤੇ ਪ੍ਰਭਾਵੀ ਸਬੰਧ ਆਉਂਦੇ ਹਨ , ਅਤੇ ਤੁਸੀਂ ਕਰਮਾਂ ਦਾ ਵਿਧਾਨ ਬਣਾਉਂਦੇ ਹੋ।

ਸਾਡੇ ਸੱਚੇ ਘਰ ਵਿਚ ਕਰਮ ਬਿਲਕੁਲ ਵੀ ਨਹੀਂ ਹੁੰਦੇ. ਇਹ ਕੇਵਲ ਮਨ ਦੁਆਰਾ ਬਣਾਏ ਗਏ ਸਨ. ਕਰਮ ਇਕ ਮਾਨਸਿਕ ਪ੍ਰਕਿਰਿਆ ਹੈ ਪਰ ਅਸੀਂ ਇਸ ਨੂੰ ਸੱਚ ਮੰਨਦੇ ਹਾਂ ਅਤੇ ਇਸ ਵਿਚ ਫਸ ਜਾਂਦੇ ਹਾਂ. ਇਸ ਪੈਦੇ ਹੋਏ ਸੰਸਾਰ ਦਾ ਅਨੁਭਵ, ਉਸ ਦੁਨੀਆ ਵਿਚ ਜਿਥੇ ਅਸੀਂ ਵੱਖਰੇ ਹੋ ਗਏ ਹਾਂ , ਇਹ ਅਨੁਭਵ ਲਗਭਗ ਸਥਾਈ ਬਣ ਜਾਂਦਾ ਹੈ ਤੇ ਅਸੀਂ ਇਕ ਹੀ ਸਥਾਨ ਤੇ ਵਾਰ ਵਾਰ, ਘੁੰਮਦੇ ਰਹਿੰਦੇ ਹਾਂ ਅਤੇ ਭੁੱਲ ਜਾਂਦੇ ਹਾਂ ਕਿ ਇਹ ਸਾਡੀ ਅਸਲੀਅਤ ਨਹੀਂ ਹੈ. ਜੇ ਕੋਈ ਕਾਰਨ ਅਤੇ ਪ੍ਰਭਾਵ ਨਾ ਹੁੰਦਾ, ਜੇ ਘਟਨਾਵਾਂ ਨਾ ਹੁੰਦੀਆਂ ਤਾਂ ਅਸੀਂ ਹੁਣ ਘਰ ਵਾਪਸ ਹੋਣਾ ਸੀ.

ਅਸੀਂ ਇਸ ਸਮੇਂ / space ਦੇ ਕਾਰਨਾਂ ਦੇ ਚੱਕਰ ਵਿਚ ਫਸੇ ਹੋਏ ਹਾਂ, ਜੋ ਕਿ ਮਨ ਦਾ ਲੱਖਣ ਹੈ.

ਇਕ philosopher , ਇੰਮਾਨੁਏਲ ਕਾਂਤ , ਨੇ ਕਿਹਾ ਹੈ, "ਮਨ ਇਕ ਵੱਖਰੀ ਚੀਜ ਨਹੀਂ ਹੈ. ਮਨ ਕੇਵਲ ਸਮੇਂ, space ਅਤੇ ਕਾਰਨਾ ਦਾ ਅਨੁਭਵ ਹੈ." ਉਹ ਕਹਿੰਦਾ ਹੈ. ਜਦੋਂ ਤੁਸੀਂ ਸਮੇਂ ਦਾ ਅਨੁਭਵ ਕਰਦੇ ਹੋ, ਤੁਸੀਂ ਸਪੇਸ ਜਾਂ ਜਗਾ ਦਾ ਅਨੁਭਵ ਕਰਦੇ ਹੋ, ਤੁਸੀਂ ਕਾਰਨ ਅਤੇ ਪ੍ਰਭਾਵ ਅਨੁਭਵ ਕਰਦੇ ਹੋ, ਤਾਂ ਤੁਸੀਂ ਮਨ ਦਾ ਅਨੁਭਵ ਕਰ ਰਹੇ ਹੁੰਦੇ ਹੋ. ਜੇ ਤੁਸੀਂ ਮਨ ਤੋਂ ਉਪਰ ਹੋ ਜਾਂਦੇ ਹੋ ਤਾਂ ਇਹਨਾਂ ਤਿੰਨਾਂ ਵਿੱਚੋਂ ਕੋਈ ਵੀ ਮੌਜੂਦ ਨਹੀਂ ਹੁੰਦਾ ਹੈ. ਇਸ ਲਈ ਜੇਕਰ ਤੁਸੀਂ ਮਨ ਤੋਂ ਉਪਰ ਜਾਂਦੇ ਹੋ, ਤਾਂ ਉਥੇ ਕਰਮ ਨਹੀਂ ਹੁੰਦੇ. ਜੇ ਤੁਸੀਂ ਮਨ ਤੋਂ ਉਪਰ ਜਾਂਦੇ ਹੋ ਤਾਂ ਪੁਨਰ ਜਨਮ ਨਹੀਂ ਲੈਂਦੇ - ਤੁਸੀਂ ਸੱਚੇ ਘਰ ਚਲੇ ਜਾਂਦੇ ਹੋ.

ਇਸ ਲਈ ਇਹ ਅਨੁਭਵ ਜੋ ਸਾਡੇ ਮਨੋਰੰਜਨ ਲਈ ਹੀ ਬਣਾਇਆ ਗਿਆ ਸੀ, ਇਹ ਰੋਚਕ ਅਭਿਆਨ। ਅਸੀਂ ਨਵੇਂ ਪ੍ਰਕਾਰ ਦਾ ਅਨੁਭਵ ਚਾਹੁੰਦੇ ਸੀ – ਜੋ ਸਾਨੂੰ ਮਿਲ ਰਿਹਾ ਹੈ ! ਪਰ ਅਸੀਂ ਕਦੀ ਨਹੀਂ ਸੋਚਿਆ ਕਿ ਇਹ ਅਨੁਭਵ ਸਾਨੂੰ ਫਸਾ ਲਵੇਗਾ ਅਤੇ ਸਾਨੂੰ ਹਮੇਸ਼ਾ ਲਈ ਇੱਥੇ ਰੱਖ  ਲਵੇਗਾ। ਅਸੀਂ ਸੋਚਿਆ ਸੀ ਕਿ ਕੋਈ ਚੰਗਾ ਅਨੁਭਵ ਹੋਵੇਗਾ, ਅਸੀਂ ਇਸਦਾ ਅਨੰਦ ਮਾਣਾਂਗੇ ਤੇ  ਘਰ ਵਾਪਸ ਚਲੇ ਜਾਵਾਂਗੇ। ਤੁਸੀਂ ਇਕ ਹੋਰ ਅਨੁਭਵ ਜਾਂ ਤਜ਼ਰਬਾ ਚਾਹੁੰਦੇ ਹੋ ? ਤੁਸੀਂ ਇਕ ਹੋਰ ਰੋਚਕ ਅਨੁਭਵ ਲੈਣ ਤੋਂ ਬਾਅਦ ਵਾਪਸ ਘਰ ਜਾ ਸਕਦੇ ਸੀ ।  ਕੀ ਹੋਇਆ? ਅਸੀਂ ਇੱਥੇ ਅਨੁਭਵ ਨਾਲ ਇਨੇ ਬੰਨ੍ਹੇ ਗਏ ਕਿ ਸਾਨੂੰ ਇਹ ਵੀ ਨਹੀਂ ਪਤਾ ਕਿ ਸਾਡਾ ਘਰ ਕਿੱਥੇ ਹੈ। ਸਾਨੂੰ ਨਹੀਂ ਪਤਾ ਕਿ ਘਰ ਵਾਪਸ ਕਿਵੇਂ ਜਾਣਾ ਹਾਂ। ਖੁਸ਼ਕਿਸਮਤੀ ਨਾਲ, ਸਾਡੇ ਵਿਚੋਂ ਕੁਝ ਜੋ ਡਰਦੇ ਸਨ । ਅਸਲ ਵਿੱਚ ਡਰਦੇ ਨਹੀਂ ਸਨ ਪਰ ਸਿਰਫ ਚਿੰਤਤ ਸਨ ਕਿ ਇਸ ਅਨੁਭਵ ਵਿੱਚ ਹਮੇਸ਼ਾ ਲਈ ਗੁੰਮ ਨਾ ਹੋ ਜਾਣ ਬਲਕਿ ਵਾਪਸ ਜਾਂ ਸਕਣ । ਉਨ੍ਹਾਂ ਨੇ ਆਪਣੇ ਨਾਲ ਥੋੜਾ ਪ੍ਰਬੰਧ ਕਰ ਲਿਆ। ਪ੍ਰਬੰਧ ਇਹ ਸੀ ਕਿ ਜੇਕਰ ਅਸੀਂ ਅਨੁਭਵ ਵਿਚ ਬਹੁਤ ਮਗਨ ਹੋ ਗਏ ਅਤੇ ਸਾਨੂੰ ਪਤਾ ਨਾ ਲੱਗੇ ਕਿ ਬਾਹਰ ਕਿਵੇਂ ਨਿਕਲਣਾ ਹੈ, ਤਾਂ ਸਾਡੇ ਕੋਲ ਇਕ ਕੁੰਜੀ ਹੋਣੀ ਚਾਹੀਦੀ ਹੈ ਜਿਸ ਨਾਲ ਸਾਡਾ ਅੰਦਰਲਾ ਦਰਵਾਜ਼ਾ ਖੋਲ੍ਹਿਆ ਜਾ ਸਕੇ। ਅੱਜ ਮੈਂ ਤੁਹਾਨੂੰ ਦੱਸ ਸਕਦਾ ਹਾਂ ਕਿ ਉਹ ਕੁੰਜੀ ਇੱਕ ਪਰਮ ਸੰਤ ਸਤਿਗੁਰੂ ਹੈ ਜੋ ਸਾਡੇ ਜੀਵਨ ਵਿੱਚ ਆਉਂਦਾ ਹੈ। ਇਹ ਕੁੰਜੀ ਦਾ ਪ੍ਰਬੰਧ ਆਪਣੇ ਸੱਚੇ ਘਰ ਨੂੰ ਛੱਡਣ ਤੋਂ ਪਹਿਲਾਂ ਅਸੀਂ ਖੁਦ ਹੀ ਕੀਤਾ ਸੀ।ਅਸੀਂ ਆਪਣੇ ਨਾਲ ਇਹ ਕੁੰਜੀ ਲਿਆਏ ਸੀ ਤਾਂ ਜੋ ਅਸੀਂ ਹਮੇਸ਼ਾ ਲਈ ਗਵਾਚ ਨਾ ਜਾਈਏ। ਜੇ ਅਸੀਂ ਘਰ ਵਾਪਸ ਜਾਣਾ ਹੈ ਪਰ ਸਾਨੂੰ ਇਹ ਨਹੀਂ ਪਤਾ ਕਿ ਕਿਵੇਂ ਜਾਣਾ ਹੈ ਤਾਂ ਸਾਡੇ ਕੋਲ ਇਸ ਨੂੰ ਖੋਲ੍ਹਣ ਦੀ ਕੁੰਜੀ ਹੋਣੀ ਚਾਹੀਦੀ ਹੈ। ਇਹ ਕੁੰਜੀ ਸਾਡੇ ਜੀਵਨ ਵਿਚ ਸਤਿਗੁਰੂ ਦਾ ਆਉਣਾ ਹੋਇਆ ਕਰਦਾ ਹੈ। ਉਸ ਜੀਵਨ ਵਿਚ ਜੋ ਬਿਲਕੁਲ ਨਕਲੀ ਹੈ ਪਰ ਅਸਲ ਮਾਲੂਮ ਹੁੰਦਾ ਹੈ। ਕੁੰਜੀ ਜੋ ਸਾਨੂੰ ਵਾਪਸ ਘਰ ਲੈ ਜਾਵੇਗੀ, ਅਤੇ ਉਹ ਕੁੰਜੀ ਇਕ ਪਰਮ ਸੰਤ ਸਤਿਗੁਰੂ ਹੈ।

ਹੁਣ ਜਦੋਂ ਮੈਂ ਪਰਮ ਸੰਤ ਸਤਿਗੁਰੂ ਦੀ ਗੱਲ ਕਰਦਾ ਹਾਂ ਤਾਂ ਲੋਕ ਮੈਨੂੰ ਪੁੱਛਦੇ ਹਨ, "ਤੁਸੀਂ ਜੀਵਤ ਸਤਿਗੁਰੂ ਕਿਉਂ ਕਹਿੰਦੇ ਹੋ ? ਕੀ ਉਹ ਹੀ ਸੰਪੂਰਨ ਸਤਿਗੁਰੂ ਹੈ. ਜੀਵਤ ਸਤਿਗੁਰੂ ਕਿਉਂ ? ਉਨ੍ਹਾਂ ਸਤਿਗੁਰੂਆਂ ਦਾ ਕੀ ਜੋ ਸੰਪੂਰਨ ਹਨ ਅਤੇ ਹੁਣ ਇਸ ਦੁਨੀਆ ਵਿਚ ਨਹੀਂ ਹਨ ਪਰ ਉਹਨਾਂ ਦੀਆਂ ਸਿੱਖਿਆਵਾਂ ਇੱਥੇ ਹਨ? ਅਸੀਂ ਉਨ੍ਹਾਂ ਦੀ ਤਸਵੀਰ ਬਣਾ ਸਕਦੇ ਹਾਂ.  ਅਸੀਂ ਉਨ੍ਹਾਂ ਦੀ ਕਲਪਨਾ ਕਰ ਸਕਦੇ ਹਾਂ. ਅਸੀਂ ਉਨ੍ਹਾਂ ਦੀਆਂ ਮੂਰਤੀਆਂ ਦੇਖਦੇ ਹਾਂ. ਅਸੀਂ ਉਨ੍ਹਾਂ ਦੀਆਂ ਤਸਵੀਰਾਂ ਦੇਖਦੇ ਹਾਂ ਅਤੇ ਅਸੀਂ ਉਨ੍ਹਾਂ ਦੀ ਕਲਪਨਾ ਕਰ ਸਕਦੇ ਹਾਂ ਅਤੇ ਉਨ੍ਹਾਂ ਵਿੱਚ ਵਿਸ਼ਵਾਸ ਕਰ ਸਕਦੇ ਹਾਂ. ਫਰਕ ਕੀ ਹੈ? ਤੁਸੀਂ ਬਾਰ ਬਾਰ ਜੀਵਤ ਸਤਿਗੁਰੂ ਹੀ ਕਿਉਂ ਕਹਿੰਦੇ ਹੋ, ਉਸ ਤੇ ਜ਼ੋਰ ਦੇਂਦੇ ਹੋ  ਜੋ ਆਤਮਿਕ ਤੌਰ ਤੇ ਨਹੀਂ ਬਲਕਿ ਸਰੀਰਕ ਤੌਰ ਤੇ ਜੀਵਿਤ ਹੋਵੇ? ਜੀਵਤ ਸਤਿਗੁਰੂ ਅਤੇ ਮਿਰਤਕ ਸਤਿਗੁਰੂ ਵਿਚ ਕੀ ਫਰਕ ਹੈ ?" ਜਵਾਬ ਬਹੁਤ ਸਰਲ ਹੈ. ਇੱਕ ਜੀਵਤ, ਸਰੀਰਕ ਤੌਰ ਤੇ ਜੀਵਿਤ ਸਤਿਗੁਰੂ ਉਹ ਹੈ ਜੋ ਕਹਿ ਸਕਦਾ ਹੈ, "ਨਹੀਂ, ਇਹ ਤੁਹਾਡੇ ਮਨ ਦਾ ਕਾਰਜ ਹੈ." ਦੂਜਾ ਸਤਿਗੁਰੂ ਜੋ ਤੁਹਾਡੇ ਮਨ ਨੂੰ ਚੰਗਾ ਲਗਦਾ ਹੈ ਉਹੀ ਗੱਲ ਕਰੇਗਾ. ਇਹ ਇਤਨਾ ਸਰਲ ਹੈ! ਜੇਕਰ ਉਹ ਮਨ ਹੈ ਜੋ ਵਖਰੇਵਾਂ ਪੈਦਾ ਕਰ ਰਿਹਾ ਹੈ, ਜੇਕਰ ਉਹ ਮਨ ਹੈ ਜੋ  ਸਾਨੂੰ ਇੱਥੇ ਫਸਾ ਕੇ ਰਖ ਰਿਹਾ ਹੈ ਤਾਂ ਅਸੀਂ ਉਸ ਸਤਿਗੁਰੂ  ਦੀ ਪਾਲਣਾ ਕਿਵੇਂ ਕਰ ਸਕਦੇ ਹਾਂ ਜੋ ਮਨ ਦੁਆਰਾ ਸਾਡੇ ਨਾਲ ਗੱਲ ਕਰਦਾ ਹੈ ?

ਲੋਕ ਮੇਰੇ ਕੋਲ ਆ ਕੇ ਕਹਿੰਦੇ ਹਨ, "ਤੁਸੀਂ ਜਾਣਦੇ ਹੋ, ਸਾਡੇ ਕੋਲ ਸਤਿਗੁਰੂ ਹਨ, ਪਹੁੰਚੇ ਹੋਏ ਸਤਿਗੁਰੂ ਜੋ ਹਿਮਾਲਿਆ ਵਿੱਚ ਬੈਠੇ ਹਨ।" ਮੈਂ ਬਹੁਤ ਵਾਰ ਹਿਮਾਲਿਆ ਦੀ ਯਾਤਰਾ ਕੀਤੀ। ਮੈਂ ਉੱਥੇ ਬੈਠੇ ਸੰਤਾਂ ਅਤੇ ਯੋਗੀਆਂ ਨੂੰ ਮਿਲਿਆ। ਮੈਂ ਉਥੇ ਕਿਸੇ ਵੀ ਸੰਪੂਰਨ ਸਤਿਗੁਰੂ ਨੂੰ ਨਹੀਂ ਮਿਲਿਆ ਜੋ ਇਥੇ ਅਮਰੀਕਾ ਵਿਚ ਕਿਸੇ ਦੀ ਅਗਵਾਈ ਕਰਦੇ ਹੋਣ । ਪਰ ਉਹ ਵਿਸ਼ਵਾਸ ਕਰਦੇ ਹਨ। ਜੇ ਉਹ ਵਿਸ਼ਵਾਸ ਕਰਦੇ ਹਨ, ਤਾਂ ਉਹ ਕਿਸ ਉੱਪਰ ਵਿਸ਼ਵਾਸ ਕਰਦੇ ਹਨ ? ਉਹ ਆਪਣੇ ਮਨ ਉਤੇ ਵਿਸ਼ਵਾਸ ਕਰਦੇ ਹਨ। ਜੇ ਕੋਈ ਕਹਿੰਦਾ ਹੈ, "ਹਰ ਰੋਜ ਸਵੇਰੇ ਇੱਕ ਪੰਛੀ ਮੇਰੇ ਕੋਲ ਆਉਂਦਾ ਹੈ, ਖਿੜਕੀ ਉੱਤੇ ਬੈਠਦਾ ਹੈ ਅਤੇ ਮੈਨੂੰ ਸੱਚ ਬਾਰੇ ਸਿਖਾਉਂਦਾ ਹੈ। ਮੈਨੂੰ ਉਹ ਪੰਛੀ ਪਸੰਦ ਹੈ। ਉਹ ਪੰਛੀ ਮੇਰਾ ਸਤਿਗੁਰੂ ਹੈ, ਅਤੇ ਉਹ ਪੰਛੀ ਬੋਲਦਾ ਹੈ। "ਕੀ ਤੁਸੀਂ ਜਾਣਦੇ ਹੋ ਜਦੋਂ ਕੋਈ ਪੰਛੀ ਬੋਲਦਾ ਹੈ ਤਾਂ ਕੌਣ ਬੋਲਦਾ ਹੈ? ਕੌਣ ਇਸ ਗੱਲ ਦਾ ਤਰਜਮਾ ਕਰਦਾ ਹੈ ਕਿ ਉਹ ਪੰਛੀ ਕੀ ਕਹਿ ਰਿਹਾ ਹੈ? ਮਨ। ਕੀ ਸਾਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਜੇ ਅਸੀਂ ਇਕ ਪੰਛੀ, ਇਕ ਜਾਨਵਰ, ਇਕ ਤਸਵੀਰ, ਇਕ ਕਲਪਨਾ, ਇਕ ਮੂਰਤੀ ਜਾਂ , ਇਕ ਵਿਚਾਰ ਦੀ ਪਾਲਣਾ ਕਰਦੇ ਹਾਂ ਤਾਂ ਅਸੀਂ ਆਪਣੇ ਮਨ ਦੇ ਪਾਲਣਾ ਕਰ ਰਹੇ ਹੁੰਦੇ ਹਾਂ ? ਇਸ ਲਈ ਜਾਂ ਤਾਂ ਅਸੀਂ ਆਪਣੇ ਮਨ ਦੀ ਸੁਣੀਏ ਜਾਂ ਅਸੀਂ ਕਿਸੇ ਐਸੇ ਦੀ ਗੱਲ ਸੁਣੀਏ ਜੋ ਨਿਸ਼ਚਿਤ ਤੌਰ ਤੇ ਮਨ ਤੋਂ ਉੱਚਾ ਹੈ। ਉੱਥੇ choice ਜਾਂ ਚੋਣ ਆਉਂਦੀ ਹੈ। ਇਸ ਲਈ, ਜ਼ੋਰ ਇੱਕ ਜੀਵਤ ਪਰਮ ਸੰਤ ਸਤਿਗੁਰੂ ਤੇ ਹੈ।

ਕੌਣ ਅਸਲ ਵਿੱਚ ਇੱਕ ਜੀਵਤ ਪਰਮ ਸੰਤ ਸਤਿਗੁਰੂ ਹੈ? ਇੱਕ ਪਰਮ ਸੰਤ ਸਤਿਗੁਰੂ ਦੀਆਂ ਵਿਸ਼ੇਸ਼ਤਾਵਾਂ ਕੀ ਹਨ? ਉਹ ਸਾਡੇ ਵਰਗਾ ਹੀ ਹੁੰਦਾ । ਕੋਈ ਫਰਕ ਨਹੀਂ ਹੈ। ਸੰਭਾਵੀ ਤੌਰ ਤੇ ਅਸੀਂ ਸਾਰੇ ਪਰਮ ਸੰਤ ਸਤਿਗੁਰੂ ਹਾਂ। ਸੰਭਾਵੀ ਤੌਰ ਤੇ ਸਾਡੇ ਕੋਲ ਸਭ ਕੁਝ ਹੈ ਜੋ ਇੱਕ ਪਰਮ ਸੰਤ ਸਤਿਗੁਰੂ ਕੋਲ ਹੁੰਦਾ ਹੈ। ਇਸ ਵਿਚ ਕਿਸੇ ਤਰ੍ਹਾਂ ਦਾ ਕੋਈ ਫਰਕ ਨਹੀਂ ਹੈ। ਹਰ ਮਨੁੱਖ ਕੋਲ ਸਾਰੇ ਸਾਜ਼-ਸਾਮਾਨ ਹਨ, ਉਸ ਵਿਚ ਉਹ ਸਾਰੇ ਅਨੁਭਵ ਮੌਜੂਦ ਹਨ ਜੋ ਇਕ ਪਰਮ ਸੰਤ ਸਤਿਗੁਰੂ ਕੋਲ ਹੁੰਦੇ ਹਨ। ਫਰਕ ਸਿਰਫ ਇਨਾ ਹੈ ਕਿ ਉਹਨੇ ਉਹ ਸਭ ਕੁਝ ਦੇਖਿਆ ਹੁੰਦਾ ਹੈ, ਉਸਦਾ ਅਨੁਭਵ ਕੀਤਾ ਹੁੰਦਾ  ਹੈ, ਉਸ ਨੂੰ ਜਾਣਦਾ ਹੈ, ਅਤੇ ਅਸੀਂ ਇਨਾਂ ਤੋਂ ਅਣਜਾਣ ਹੁੰਦੇ ਹਾਂ । ਇਹ ਹੀ ਇਕੋ ਇਕ ਫਰਕ ਹੈ। ਇਸ ਲਈ, ਕਿਉਂਕਿ ਉਸ ਨੂੰ ਇਹ ਸਾਰਾ ਅਨੁਭਵ ਹੋਇਆ ਹੁੰਦਾ ਹੈ, ਉਸਨੇ ਨਿੱਜੀ ਤੌਰ ਤੇ ਮਨ ਤੋਂ ਉਪਰ ਦੀ ਅਵਸਥਾ ਨੂੰ ਅਨੁਭਵ ਕੀਤਾ ਹੈ, ਇਸ ਲਈ ਉਹ ਭੌਤਿਕ ਸਰੀਰ ਵਿਚ ਹੁੰਦੇ ਹੋਏ, ਸਾਡੇ ਸਾਹਮਣੇ

ਹੁੰਦੇ ਹੋਏ ਜਦੋਂ ਸਾਡੇ ਨਾਲ ਗੱਲ ਕਰ ਰਿਹਾ ਹੁੰਦਾ, ਉਹ ਕਿਸੇ ਵਿਅਕਤੀ ਦੀ ਤਰ੍ਹਾਂ ਨਹੀਂ ਬੋਲ ਰਿਹਾ ਹੁੰਦਾ। ਉਹ ਮਨ ਤੋਂ ਪਰੇ ਦੇ ਅਨੁਭਵਾਂ ਨਾਲ ਬੋਲ ਰਿਹਾ ਹੁੰਦਾ ਹੈ। ਇਸ ਲਈ, ਉਹ ਸਾਨੂੰ ਮਨ ਤੋਂ ਪਰੇ ਜਾਣ ਬਾਰੇ ਸੇਧ ਦੇ ਸਕਦਾ ਹੈ। ਉਹ ਨਾ ਆਪਣੇ ਮਨ ਤੇ ਅਤੇ ਨਾ ਹੀ ਸਾਡੇ ਮਨ ਤੇ ਨਿਰਭਰ ਕਰਦਾ ਹੈ। ਉਹ ਸਿੱਧਾ ਸ਼ਕਤੀ ਅਤੇ ਚੇਤਨਾ ਦੇ ਸਰੋਤ, ਜੋ ਸਾਡੀ ਰੂਹ, ਤੋਂ ਬੋਲ ਰਿਹਾ ਹੁੰਦਾ ਹੈ, ਉਹ ਸਾਡੀ ਰੂਹ ਨਾਲ ਗੱਲ ਕਰਦਾ ਹੈ, ਉਹ ਸਾਡੇ ਮਨ ਨਾਲ ਨਹੀਂ ਗੱਲ ਕਰਦਾ। ਪਰ ਸਾਡਾ ਮਨ ਉਸ ਦੀ ਗੱਲ ਸੁਣਨਾ ਚਾਹੁੰਦਾ ਹੈ। ਇਸ ਲਈ ਕਈ ਵਾਰੀ ਉਹ ਸਾਡੇ ਮਨ ਨਾਲ ਖੇਡਣ ਲਈ ਆਪਣੇ ਮਨ ਦੀ ਵਰਤੋਂ ਕਰਦਾ ਹੈ। ਉਹ ਸਾਨੂੰ ਉਹ ਢੰਗ ਸਿਖਾਉਂਦਾ ਹੈ ਜੋ ਸਾਡੇ ਮਨ ਨੂੰ ਪਸੰਦ ਹੁੰਦੇ ਹਨ। ਉਹ ਕਹਿੰਦਾ ਹੈ ਕਿ ਇਸ ਤਰਾਂ ਸਿਮਰਨ ਅਭਿਆਸ ਕਰੋ। ਮਨ ਉਸ ਨੂੰ ਪਸੰਦ ਕਰਦਾ ਹੈ। ਉਹ ਕਹਿੰਦਾ ਹੈ ਕਿ ਸਖ਼ਤ ਮਿਹਨਤ ਕਰੋ। ਇਹ ਮਨ ਕੁਝ ਵੀ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਨੂੰ ਤਰਜੀਹ ਦਿੰਦਾ ਹੈ। ਉਹ ਇਹ ਨਹੀਂ ਕਹਿੰਦਾ, "ਮੈਂ ਝੂਠ ਬੋਲ ਰਿਹਾ ਹਾਂ," ਕਿਉਂਕਿ ਉਹ ਸਾਡੇ ਜੀਵਨ ਦੀ ਰੁਕਾਵਟ, ਜੋ ਕੀ ਸਾਡਾ ਮਨ ਹੈ ਉਸ ਨਾਲ ਨਜਿੱਠ ਰਿਹਾ ਹੁੰਦਾ ਹੈ ਅਤੇ ਸਾਨੂੰ ਬਹੁਤ ਕੁਝ ਕਰਨ ਲਈ ਕਹਿੰਦਾ ਹੈ । ਅਖੀਰ ਵਿੱਚ ਸਾਨੂੰ ਪਤਾ ਲਗਦਾ ਹੈ ਕਿ ਸਿਰਫ ਇਕੋ ਇਕ ਚੀਜ ਮਹੱਤਵਪੂਰਨ ਹੈ। ਉਸ ਮਨ ਤੋਂ ਪਰੇ ਦੇ ਅਵਸਥਾ ਵਾਲੇ ਸੰਤ ਸਤਿਗੁਰੂ ਦਾ ਸਾਡੇ ਜੀਵਨ ਵਿੱਚ ਆਉਣਾ ਅਤੇ ਸਾਨੂੰ ਮਨ ਤੋਂ ਪਰੇ ਖਿੱਚ ਕੇ ਅਸਲੀਅਤ ਵਾਲ ਲੈ ਜਾਣਾ ਹੀ ਉਹ ਮਹੱਤਵਪੂਰਨ ਚੀਜ ਹੈ । ਕਿਉਂਕਿ ਮਨ ਦੇ ਇਹ ਤਿਨ ਸੰਸਾਰ ਹੀ ਸਿਰਫ ਇਕੋ ਇਕ ਜਾਲ ਹਨ ਜੋ ਸਾਨੂੰ ਇਥੇ ਫਸਾ ਕੇ ਰੱਖਦੇ ਹਨ । ਜੇਕਰ ਮਨ ਨੂੰ ਪਾਸੇ ਕਰ ਦਿੱਤੋ ਜਾਵੇ , ਤਾਂ ਅਸੀਂ ਸਾਰੇ ਹੀ ਘਰ ਪਹੁੰਚ ਜਾਵਾਂਗੇ। ਇਹ ਬਹੁਤ ਸਰਲ ਹੈ। ਇਸ ਵਿਚ ਹੋਰ ਮਨ ਤੋਂ ਇਲਾਵਾ ਹੋਰ ਕੋਈ ਰੁਕਾਵਟ ਨਹੀਂ ਹੈ।

ਸਾਡੀ ਅਧਿਆਤਮਿਕ ਘਰ ਦੀ ਯਾਤਰਾ ਦੇ ਰਾਹ ਵਿੱਚ ਸਾਡੇ ਆਪਣੇ ਮਨ ਨੂੰ ਛੱਡ ਕੇ ਹੋਰ ਕੋਈ ਰੁਕਾਵਟ ਨਹੀਂ ਹੈ। ਸਾਡਾ ਆਪਣਾ ਮਨ ਵਿਚਾਰ ਪੈਦਾ ਕਰ ਕਰਦਾ ਹੈ। ਸਾਡਾ ਮਨ ਤਸਵੀਰਾਂ ਦਾ ਨਿਰਮਾਣ ਕਰਦਾ ਹੈ। ਮਨ ਇੱਛਾਵਾਂ ਪੈਦਾ ਕਰਦਾ ਹੈ। ਮਨ ਲਗਾਉ ਬਣਾਉਂਦਾ ਹੈ। ਮਨ ਇਹਨਾਂ ਇੱਛਾਵਾਂ ਅਤੇ ਲਗਾਓ ਕਾਰਨ ਕਾਰਨ ਲਗਾਤਾਰ ਘਟਨਾਵਾਂ ਦਾ ਨਿਰਮਾਣ ਕਰਦਾ ਤੁਰਿਆ ਜਾਂਦਾਂ ਹੈ ਅਤੇ ਅਸੀਂ ਇੱਥੇ ਫਸੇ ਰਹਿੰਦੇ ਹਾਂ। ਇਹ ਸਾਰੇ ਮਨ ਦੇ ਹੀ ਕੰਮ ਹਨ। ਅਤੇ ਮਨ ਨੂੰ ਇਹ ਸਭ ਕੁਝ ਕਰਨ ਦੀ ਸ਼ਕਤੀ ਕੌਣ ਦੇ ਰਿਹਾ ਹੈ? ਅਸੀਂ! ਅਸੀਂ ਇਸ ਨੂੰ ਸ਼ਕਤੀ ਦੇ ਰਹੇ ਹਾਂ। ਸਾਡੀ ਰੂਹ ਇਸ ਨੂੰ ਸ਼ਕਤੀ ਦੇ ਹੀ ਹੈ। ਇਸ ਲਈ, ਇਕ ਬਹੁਤ ਵੱਡੀ ਦੁਵਿਧਾ ਹੈ ਹੈ ਕਿ ਇੱਥੇ ਇੱਕ ਪਰਮ ਸੰਤ ਸਤਿਗੁਰੂ ਆਉਂਦਾ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ ਉਹ ਸਾਨੂੰ ਸਾਡੇ ਮਨ ਦੀਆਂ ਖਾਹਸ਼ਾਂ ਅਤੇ ਸਾਡੇ ਮਨ ਦੀ ਸੋਚ ਅਨੁਸਾਰ ਸਿਖਾਵੇ। ਉਹ ਕਹਿੰਦਾ ਹੈ, "ਠੀਕ ਹੈ, ਮੈਂ ਉਦੋਂ ਤੱਕ ਤੁਹਾਡੇ ਮਨ ਅਨੁਸਾਰ ਸਿਖਾਉਂ ਗਾ ਜਦ ਤੱਕ ਤੁਹਾਨੂੰ ਇਹ ਨਹੀਂ ਪਤਾ ਲਗਦਾ ਕਿ ਮਨ ਨੂੰ ਕੁਝ ਵੀ ਸਿੱਖਾਉਣ ਦੀ ਲੋੜ ਨਹੀਂ । ਉੱਥੇ ਕੋਈ ਪੜ੍ਹਾਈ ਦੀ ਲੋੜ ਨਹੀਂ ਹੈ। ਅਸਾਂ ਨੇ ਸਿਰਫ ਮਨ ਨੂੰ ਕਾਬੂ ਕਰਨਾ ਹੈ, ਇਸ ਨੂੰ ਆਪਣੇ ਰਸਤੇ ਤੋਂ ਪਰੇ ਰੱਖਣਾ ਹੈ ਤਾਂ ਕੀ ਇਹ ਸਾਡੇ ਰਸਤੇ ਵਿਚ ਨਾ ਆਵੇ , ਇਸ ਤਰਾਂ ਤੁਸੀਂ ਘਰ ਵਾਪਸ ਜਾ ਸਕੋਗੇ।

ਇਸ ਲਈ ਰੂਹਾਨੀ ਯਾਤਰਾ ਦੇ ਸਾਰੇ ਸਿਧਾਂਤ ਅਸਲ ਵਿਚ ਸਾਡੇ ਰਾਹ ਵਿਚ ਮਨ ਵਲੋਂ ਪਾਈਆਂ ਰੁਕਾਵਟਾਂ ਨੂੰ ਦੂਰ ਕਰਨ ਦੀ ਯਾਤਰਾ ਹੈ. ਮਨ ਸਿਰਫ਼ ਇਕੋ ਇਕ ਰੁਕਾਵਟ ਹੈ, ਹੋਰ ਕੁਝ ਨਹੀਂ. ਸਾਡਾ ਆਪਣਾ ਮਨ, ਕਿਸੇ ਹੋਰ ਦਾ ਮਨ ਨਹੀਂ. ਹਰ ਕੋਈ ਆਪਣੇ ਖੁਦ ਦੇ ਮਾਨਸਿਕ ਅਨੁਭਵਾਂ ਅਨੁਸਾਰ ਕੰਮ ਕਰਦਾ ਹੈ, ਅਤੇ ਇੱਦਾਂ ਹੀ ਇਹ ਸਾਰੀਆਂ ਘਟਨਾਵਾਂ ਇਕਠੀਆਂ ਹੁੰਦੀਆਂ ਹਨ. ਇਹ ਸਾਰੀਆਂ ਘਟਨਾਵਾਂ ਮਨ ਦੁਆਰਾ ਬਣਾਈਆਂ ਜਾਂਦੀਆਂ ਹਨ, ਇਹ ਇਕਠੀਆਂ ਹੁੰਦੀਆਂ ਜਾਂਦੀਆਂ ਹਨ ਅਤੇ ਅਸੀਂ ਮਨ ਦੇ ਕਾਰਨ ਇਨ੍ਹਾਂ ਘਟਨਾਵਾਂ ਦੇ ਨਤੀਜਿਆਂ ਨੂੰ ਭੁਗਤਦੇ ਹਾਂ ਅਤੇ ਸਾਨੂੰ ਲਗਦਾ ਹੈ ਕਿ ਅਸੀਂ ਹਮੇਸ਼ਾ ਲਈ ਫਸੇ ਗਏ ਹਾਂ.

ਜਦੋਂ ਵੀ ਕੋਈ ਵਿਅਕਤੀ ਕੁਝ ਕਰਦਾ ਹੈ ਅਤੇ ਕਹਿੰਦਾ ਹੈ, " ਇਹ ਤਾਂ ਗਲਤ ਸੀ ," ਕੀ ਤੁਸੀਂ ਜਾਣਦੇ ਹੋ ਕਿ ਇਸਦਾ ਕੀ ਮਤਲਬ ਹੈ ? ਜੇ ਕੋਈ ਵਿਅਕਤੀ ਕੁਝ ਕਰਦਾ ਹੈ ਅਤੇ ਕਹਿੰਦਾ ਹੈ, "ਇਹ ਗਲਤ ਸੀ. ਮੈਨੂੰ ਇਹ ਨਹੀਂ ਸੀ ਕਰਨਾ ਚਾਹੀਦਾ," ਤਾਂ ਇਹ ਪਹਿਲਾਂ ਅਪਰਾਧ ਦੀ ਭਾਵਨਾ ਪੈਦਾ ਕਰਦਾ ਹੈ. ਇਹ ਭਾਵਨਾ ਕੀ ਕਰਦੀ ਹੈ ? ਇਹ ਭਾਵਨਾ ਉਸ ਵਿਅਕਤੀ ਦੇ ਅਵਚੇਤਨ ਮਨ ਨੂੰ ਜਕੜ ਲੈਂਦੀ ਹੈ. ਉਹ ਸੋਚਦਾ ਹੈ "ਮੈਂ ਗਲਤ ਕੀਤਾ ਹੈ," ਅਤੇ ਉਹ ਉਸਦਾ ਸਾਹਮਣਾ ਨਹੀਂ ਕਰਨਾ ਚਾਹੁੰਦਾ, ਅਤੇ ਉਸ ਨੂੰ ਨਕਾਰਨ ਦੀ ਕੋਸ਼ਿਸ਼ ਕਰਦਾ ਹੈ ਪਰ ਉਸਦੇ ਅਵਚੇਤਨ ਮਨ ਵਿਚ ਅਪਰਾਧ ਦੀ ਇਹ ਭਾਵਨਾ ਘਰ ਕਰ ਲੈਂਦੀ ਹੈ. ਫਿਰ ਉਸ ਨੂੰ ਲੱਗਦਾ ਹੈ ਕਿ ਕਿਉਂਕਿ ਉਸ ਨੇ ਕੁਝ ਗਲਤ ਕੀਤਾ ਹੈ, ਉਸਨੂੰ ਸਜ਼ਾ ਅਤੇ ਇਨਾਮ ਦੇ ਵਿਧਾਨ ਦੇ ਅਨੁਸਾਰ ਇਸਦਾ ਫਲ ਭੁਗਤਨਾ ਹੋਵੇਗਾ. ਅਸੀਂ ਇਸ ਭਾਵਨਾ ਤੋਂ ਗ੍ਰਸਤ ਹੋ ਜਾਂਦੇ ਹਾਂ ਅਤੇ ਫਿਰ ਅਸੀਂ ਆਉਣ ਵਾਲੀ ਸਜ਼ਾ ਦੀ ਉਡੀਕ ਕਰਦੇ ਹਾਂ. ਅਤੇ ਸਾਨੂੰ ਸਜ਼ਾ ਮਿਲਦੀ ਹੈ. ਸਾਨੂੰ ਪਹਿਲਾਂ ਤੋਂ ਹੀ ਇਸ ਦੀ ਆਸ਼ੰਕਾ ਹੁੰਦੀ ਹੈ. ਅਸੀਂ ਖੁਦ ਇਸ ਦੀ ਰਚਨਾ ਕਰਦੇ ਹਾਂ. ਫਿਰ ਅਸੀਂ ਕੁਝ ਬਹੁਤ ਵਧੀਆ ਕਮ ਕਰਦੇ ਹਾਂ. "ਇਹ ਮੈਂ ਬਹੁਤ ਚੰਗਾ ਕੀਤਾ. ਬਹੁਤ ਵਧੀਆ. ਮੈਨੂੰ ਇਸਦਾ ਇਨਾਮ ਮਿਲਣਾ ਚਾਹੀਦਾ ਹੈ." ਇਹ ਭਾਵਨਾ ਸਾਡੇ ਵਿਚ ਨਿਰਮਿਤ ਹੋ ਜਾਂਦੀ ਹੈ. ਅਸੀਂ ਆਉਣ ਵਾਲੇ ਇਨਾਮ ਦੀ ਉਡੀਕ ਕਰਦੇ ਹਾਂ, ਅਤੇ ਸਾਨੂੰ ਇਨਾਮ ਮਿਲਦਾ ਹੈ. ਸਾਡੀ ਨੈਤਿਕਤਾ ਦੀ ਇਹ ਪ੍ਰਣਾਲੀ ਹਰਦਮ ਸਾਡੇ ਨਾਲ ਚਲਦੀ ਹੈ. ਅਸੀਂ ਹਮੇਸ਼ਾ ਆਪਣੇ ਆਪ ਅਤੇ ਦੂਜਿਆਂ ਲਈ ਚੰਗੇ ਅਤੇ ਮਾੜੇ ਦਾ ਨਿਰਣਾ ਕਰਦੇ ਹਾਂ. ਇਹ ਨਿਰੰਤਰ ਚਲਣ ਵਾਲਾ ਨਿਰਣਾ ਹੈ ਜੋ ਸਾਨੂੰ ਸਜ਼ਾ ਅਤੇ ਇਨਾਮ ਵੱਲ ਲੈ ਕੇ ਜਾ ਰਿਹਾ ਹੈ. ਅਸੀਂ ਸਾਰੇ ਆਪਣੀ ਨੈਤਿਕਤਾ ਖੁਦ ਬਣਾ ਰਹੇ ਹਾਂ. ਇਹ ਨਹੀਂ ਹੈ ਕਿ standard ਨੈਤਿਕਤਾ ਦੀ ਸੂਚੀ ਕਿਤੇ ਪਈ ਹੋਈ ਹੈ. ਇਕ ਵਿਅਕਤੀ ਲਈ ਜੋ ਚੰਗਾ ਹੈ ਹੋ ਸਕਦਾ ਹੈ, ਹੋ ਸਕਦਾ ਹੈ ਉਹ ਕਿਸੇ ਦੂਜੇ ਵਿਅਕਤੀ ਲਈ ਚੰਗਾ ਨਾ ਹੋਵੇ. ਜੋ ਸਾਡੇ ਲਈ ਸੌ ਸਾਲ ਪਹਿਲਾਂ ਚੰਗਾ ਸੀ ਅੱਜ ਉਹ ਸਾਡੇ ਲਈ ਚੰਗਾ ਨਹੀਂ. ਲੋਕ ਹਰ ਵੇਲੇ ਆਪਣੇ ਨੈਤਿਕ ਨਿਯਮਾਂ ਨੂੰ ਬਦਲਦੇ ਰਹਿੰਦੇ ਹਨ. ਕਿਸੇ ਵੀ ਵਿਅਕਤੀ ਨੇ ਕਦੇ ਵੀ ਕੋਈ standard ਨੈਤਿਕਤਾ ਦੀ ਸੂਚੀ ਨਹੀਂ ਬਣਾਈ. ਇਹ ਹਰ ਸਮੇਂ ਬਦਲਦੀ ਰਹਿੰਦੀ ਹੈ.

ਇਸ ਲਈ ਵਿਅਕਤੀਗਤ ਤੌਰ ਤੇ, ਸਾਡੀ ਆਪਣੀ ਜ਼ਮੀਰ ਜੋ ਚੇਤਨਾ ਦਾ ਹਿੱਸਾ ਹੈ, ਸਾਡੀ ਆਪਣੀ ਜ਼ਮੀਰ ਨਿਰਣੇ ਦੀ ਵਿਵਸਥਾ ਦਾ ਨਿਰਮਾਣ ਕਰਦੀ ਹੈ ਤਾਂ ਕਿ ਅਸੀਂ ਇਹ ਨਿਰਣਾ ਕਰਦੇ ਹੈ ਕਿ ਇਹ ਚੰਗਾ ਹੈ, ਇਹ ਬੁਰਾ ਹੈ. ਇੱਕ ਵਾਰ ਜਦੋਂ ਅਸੀਂ ਇਸਦਾ ਨਿਰਣਾ ਕਰ ਲੈਂਦੇ ਹਾਂ ਤਾਂ ਅਸੀਂ ਆਪਣੇ ਆਪ ਵਿਚ ਸਜਾ ਅਤੇ ਇਨਾਮ ਦੇ ਬੀਜ ਬੋ ਦਿੰਦੇ ਹਾਂ. ਇਹ ਪ੍ਰਣਾਲੀ ਨੂੰ ਕਰਮਾ ਦਾ ਵਿਧਾਨ ਕਿਹਾ ਜਾਂਦਾ ਹੈ. ਕਰਮ ਹੋਰ ਕੁਝ ਨਹੀਂ ਹਨ. ਕਰਮ ਸਾਡੇ ਆਪਣੇ ਹੀ ਕਾਰਜ ਹਨ ਜੋ ਅਸੀਂ ਆਪਣੇ subconscious ਜਾਂ ਅਵਚੇਤਨ ਵਿਚ ਜੜ ਲੈਂਦੇ ਹਾਂ ਅਤੇ ਫਿਰ ਆਉਣ ਵਾਲੇ ਨਤੀਜਿਆਂ ਦੀ ਉਡੀਕ ਕਰਦੇ ਹਾਂ. ਇਹ ਚੱਕਰ ਚੱਲਦਾ ਰਹਿੰਦਾ ਹੈ. ਅਸੀਂ ਉਹ ਕੰਮ ਕਰਦੇ ਹਾਂ ਜੋ ਚੰਗੇ ਹਨ, ਉਹ ਕੰਮ ਕਰਦੇ ਹਨ ਜੋ ਮਾੜੇ ਹਨ ਅਤੇ ਉਨ੍ਹਾਂ ਅਨੁਸਾਰ ਅਸੀਂ ਇਨਾਮ ਅਤੇ ਸਜ਼ਾਵਾਂ ਪ੍ਰਾਪਤ ਕਰਦੇ ਰਹਿੰਦੇ ਹਾਂ. ਅਸੀਂ ਚੰਗੀਆਂ ਚੀਜ਼ਾਂ ਕਰਦੇ ਹਾਂ ਤਾਂ ਸਾਨੂੰ ਬਹੁਤ ਵਧੀਆ ਮਹਿਸੂਸ ਹੁੰਦਾ ਹੈ. ਫਿਰ ਅਸੀਂ ਬੁਰੇ ਕੰਮ ਕਰਦੇ ਹਾਂ. ਭਾਰਤ ਵਿਚ ਇਕ ਕਹਾਵਤ ਹੈ, "ਤਪੋ ਰਾਜ, ਰਾਜੋਂ ਨਰਕ ," ਜਿਸਦਾ ਅਰਥ ਹੈ ਕਿ ਜਦੋਂ ਤੁਸੀਂ ਚੰਗੀਆਂ ਚੀਜ਼ਾਂ ਕਰਦੇ ਹੋ, ਜਿਸ ਵਿਚ ਸਿਮਰਨ ਅਭਿਆਸ ਵੀ ਸ਼ਾਮਿਲ ਹੈ, ਤਪ ਵੀ ਸ਼ਾਮਿਲ ਹੈ, ਜਦੋਂ ਤੁਸੀਂ ਅਜਿਹਾ ਕਰਦੇ ਹੋ, ਅਗਲੀ ਵਾਰ ਜਦੋਂ ਤੁਹਾਨੂੰ ਇਸ ਦਾ ਚੰਗਾ ਫਲ ਪ੍ਰਾਪਤ ਹੁੰਦਾ ਹੈ ਤਾਂ ਤੁਸੀਂ ਰਾਜੇ ਬਣ ਜਾਂਦੇ ਹੋ, ਤੁਸੀਂ ਅਮੀਰ ਹੋ ਜਾਂਦੇ ਹੋ, ਤੁਸੀਂ ਸ਼ਕਤੀਸ਼ਾਲੀ ਹੋ ਜਾਂਦੇ ਹੋ. ਅਤੇ ਫਿਰ ਜਦੋਂ ਤੁਸੀਂ ਅਮੀਰ ਅਤੇ ਸ਼ਕਤੀਸ਼ਾਲੀ ਹੁੰਦੇ ਹੋਈ ਬੁਰੇ ਕੰਮ ਕਰਦੇ ਹੋ ਤਾਂ ਫਿਰ ਨਰਕ ਵਿਚ ਜਾਂਦੇ ਹੋ. ਨਰਕ ਵਿਚ ਤੁਸੀਂ ਕਹਿੰਦੇ ਹੋ, "ਓ, ਨਹੀਂ, ਮੁੜ ਕੇ ਫਿਰ ਕਦੇ ਨਹੀਂ." ਅਤੇ ਤੁਸੀਂ ਫਿਰ ਤੁਸੀਂ ਸਿਮਰਨ ਅਭਿਆਸ ਅਤੇ ਤਪ ਕਰਦੇ ਹੋ. ਫਿਰ ਤੁਹਾਨੂੰ ਵਧੀਆ ਫਲ ਪ੍ਰਾਪਤ ਹੁੰਦਾ ਹੈ ਤੁਸੀਂ ਰਾਜਾ ਜਾਂ ਅਮੀਰ ਬਣਦੇ ਹੋ. ਇਹਨਾਂ ਤਿੰਨਾਂ ਪੜਾਵਾਂ ਦਾ ਇਹ ਚੱਕਰ ਸਦਾ ਲਈ ਚਲਦਾ ਰਹਿੰਦਾ ਹੈ, ਅਤੇ ਅਸੀਂ ਕਰਮ ਸਿਧਾਂਤ ਨੂੰ ਹਮੇਸ਼ਾਂ ਲਈ ਕਾਇਮ ਕਰ ਲੈਂਦੇ ਹਾਂ

ਇਹ ਕਰਮ ਸਾਡੇ ਆਪਣੇ ਮਨ ਦੀ ਹੀ ਰਚਨਾ ਹਨ ਪਰ ਇਹ ਸਾਨੂੰ ਇਕ ਜਾਲ ਵਿਚ ਫਸਾ ਦਿੰਦੇ ਹਨ. ਇਹ ਸਾਨੂੰ ਇਥੇ ਇਕ ਨਿਰੰਤਰ ਚੱਲ ਰਹੇ ਅਨੁਭਵ ਵਿੱਚ ਫਸਾ ਲੈਂਦੇ ਹਨ ਜਿਸ ਤੋਂ ਅਸੀਂ ਬਾਹਰ ਨਹੀਂ ਆ ਸਕਦੇ.ਅਤੇ ਜਦੋਂ ਅਸੀਂ ਇਬਾਦਤ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਜਦੋਂ ਅਸੀਂ ਇਕ ਜੀਵਤ ਮੁਰਸ਼ਦ ਤੋਂ ਬਿਨਾਂ ਭਗਤੀ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਆਪਣੇ ਮਨ ਦੀ ਹੀ ਉਪਾਸਨਾ ਕਰ ਰਹੇ ਹੁੰਦੇ ਹਾਂ. ਇਸ ਤੋਂ ਸਿਵਾਏ ਹੋਰ ਕੋਈ ਕੁਝ ਨਹੀਂ . ਤੁਸੀਂ ਇਸ ਬਾਰੇ ਜਿਸ ਤਰਾਂ ਵੀ ਮਰਜੀ ਸੋਚ ਕੇ ਦੇਖ ਲੋ. ਜੋ ਕੋਈ ਕਹਿੰਦਾ ਹੈ, "ਤੁਸੀਂ ਜਾਣਦੇ ਹੋ, ਮੈਂ ਪਰਮੇਸ਼ਰ ਨਾਲ ਗੱਲਬਾਤ ਕੀਤੀ ਸੀ," ਮੈਂ ਉਸ ਨੂੰ ਸਾਬਤ ਕਰ ਸਕਦਾ ਹਾਂ ਕਿ ਉਸ ਨੇ ਆਪਣੇ ਮਨ ਨਾਲ ਹੀ ਗੱਲ ਕੀਤੀ ਸੀ . ਸਾਰੀ ਗੱਲਬਾਤ ਉਸ ਦੇ ਮਨ ਵਿਚ ਹੀ ਹੋਈ ਸੀ. ਸਿਰ ਵਿਚ ਚੱਲ ਰਹੇ ਸਾਰੇ ਸੰਵਾਦ ਮਨ ਵਿਚ ਹੋ ਰਹੇ ਹੁੰਦੇ ਹਨ. ਹੋਰ ਕੋਈ ਵੀ ਨਹੀਂ ਹੁੰਦਾ ਹੈ. ਕੇਵਲ ਤੁਸੀਂ ਹੁੰਦੇ ਹੋ ਤੇ ਤੁਹਾਡਾ ਮਨ ਹੁੰਦਾ ਹੈ. ਤੁਸੀਂ ਮਨ ਨੂੰ ਸ਼ਕਤੀ ਪ੍ਰਦਾਨ ਕਰਦੇ ਹੋ. ਮਨ ਸੋਚਦਾ ਹੈ. ਮਨ ਕੁਝ ਵੀ ਸੋਚ ਸਕਦਾ ਹੈ. ਇਹ ਪ੍ਰਾਰਥਨਾਵਾਂ ਬਾਰੇ ਸੋਚ ਸਕਦਾ ਹੈ. ਇਹ ਕੁਝ ਵੀ ਸੋਚ ਸਕਦਾ ਹੈ. ਇਸ ਨੂੰ ਇਸ ਦੀਆਂ ਪ੍ਰਾਰਥਨਾਵਾਂ ਲਈ ਇਨਾਮ ਮਿਲ ਸਕਦਾ ਹੈ. ਇਸ ਨੂੰ ਮਾੜੇ ਵਿਚਾਰਾਂ ਲਈ ਸਜ਼ਾ ਦਿੱਤੀ ਜਾ ਸਕਦੀ ਹੈ. ਇਹ ਸਭ ਕੁਝ ਇਸ ਤਰਾਂ ਹੀ ਕੰਮ ਕਰਦਾ ਹੈ.

ਪਰ ਉਹ ਵਿਅਕਤੀ ਜੋ ਇਸ ਸਮੇਂ ਸਥੂਲ ਸੰਸਾਰ ਵਿਚ ਤੁਹਾਡੇ ਤੋਂ ਅਲੱਗ ਹੋਵੇ। ਜੋ ਆਪਣੇ ਮਨ ਤੋਂ ਨਹੀਂ ਪਰ ਉਸ ਤੋਂ ਉਪਰੋਂ ਬੋਲ ਰਿਹਾ ਹੋਵੇ ਹੈ ਅਤੇ ਜੋ ਤੁਹਾਡੇ ਮਨ ਨੂੰ ਸੰਬੋਧਿਤ ਨਹੀਂ ਕਰ ਰਿਹਾ ਹੋਵੇ ਬਲਕਿ ਤੁਹਾਡੀ ਰੂਹ ਨੂੰ ਸੰਬੋਧਿਤ ਕਰ ਰਿਹਾ ਹੋਵੇ ਹੈ, ਅਸੀਂ ਉਸ ਵਿਅਕਤੀ ਨੂੰ ਹਾਂ ਇੱਕ ਪਰਮ ਸੰਤ ਸਤਿਗੁਰੂ ਕਹਿੰਦੇ ਹਾਂ।

ਇੱਕ ਪਰਮ ਸੰਤ ਸਤਿਗੁਰੂ ਤੁਹਾਡੇ ਜੀਵਨ ਵਿੱਚ ਕਿਸੇ ਹੋਰ ਆਮ ਆਦਮੀ ਦੀ ਤਰਾਂ ਨਹੀਂ ਪ੍ਰਗਟ ਹੁੰਦਾ ਹੈ. ਉਹ ਜੀਵਨ ਦੇ ਕੁਝ ਅਜਿਹੇ ਪਹਿਲੂਆਂ ਨੂੰ ਦਰਸਾਉਂਦਾ ਹੈ ਜੋ ਬਾਕੀ ਸਾਰੇ ਲੋਕਾਂ ਤੋਂ ਬਹੁਤ ਵੱਖਰੇ ਹੁੰਦੇ ਹਨ. ਉਹ ਕਿਹੜੇ ਬੁਨਿਆਦੀ ਫਰਕ ਹਨ ਜਿਨ੍ਹਾਂ ਦਾ ਤੁਹਾਨੂੰ ਇਹਸਾਸ ਹੁੰਦਾ ਹੈ ? ਪਹਿਲਾ ਇਹ ਹੈ ਕਿ ਉਹ ਜਾਣਦਾ ਹੈ ਕਿ ਤੁਹਾਡੇ ਦੁਆਰਾ ਲਏ ਗਏ ਸਾਰੇ ਫੈਸਲੇ ਤੁਹਾਡੇ ਆਪਣੇ ਮਨ ਦੇ ਕਾਰਨ ਹਨ, ਉਹ ਇਨ੍ਹਾਂ ਦੇ ਅਧਾਰ ਤੇ ਕੋਈ ਨਿਰਣਾ ਨਹੀਂ ਕਰਦਾ. ਇਕ ਮਨੁੱਖ ਜਿਸ ਨੂੰ ਅਸੀਂ ਇੱਕ ਪਰਮ ਸੰਤ ਸਤਿਗੁਰੂ ਆਖਦੇ ਹਾਂ, ਜੋ ਮਨ ਤੋਂ ਉਤੇ ਦੀ ਅਵਸਥਾ ਵਿਚ ਵਿਚਰ ਰਿਹਾ ਹੁੰਦਾ ਹੈ, ਉਹ ਕਿਸੇ ਵੀ ਚੀਜ ਦਾ ਨਿਰਣਾ ਨਹੀਂ ਕਰਦਾ. ਉਹ ਅਜਿਹਾ ਉਦੋਂ ਹੀ ਕਰਦਾ ਹੈ ਜੇਕਰ ਉਹ ਜੱਜ ਦੇ ਅਹੁਦੇ ਵਲੋਂ ਕਮ ਕਰ ਰਿਹਾ ਹੋਏ . ਪਰ ਜੇਕਰ ਉਸਦਾ ਅਉਧਾ ਕੋਰਟ ਦੇ ਜੱਜ ਦਾ ਨਹੀਂ ਹੁੰਦਾ ਤਾਂ ਉਹ ਕਿਸੇ ਬਾਰੇ ਕੋਈ ਨਿਰਣਾ ਨਹੀਂ ਕਰੇਗਾ. ਉਹ ਕਿਸੇ ਵੀ ਕਾਰਵਾਈ ਦਾ ਨਿਰਣਾ ਨਹੀਂ ਕਰੇਗਾ. ਜਦੋਂ ਉਹ ਲੋਕਾਂ ਨੂੰ ਦੇਖ ਰਿਹਾ ਹੰਦਾ ਹੈ ਅਤੇ ਅਸੀਂ ਕਹਿੰਦੇ ਹਾਂ, "ਉਹ ਬੰਦਾ ਬੁਰਾ ਹੈ," ਤਾਂ ਉਸਦਾ ਨਜ਼ਰੀਆ ਕਿਵੇਂ ਦਾ ਹੁੰਦਾ ਹੈ ? ਉਹ ਕਹਿੰਦਾ ਹੈ, "ਅਫਸੋਸ, ਉਹ ਵਿਅਕਤੀ ਆਪਣੀ ਜ਼ਮੀਰ ਵਿੱਚ ਫਸਿਆ ਹੋਇਆ ਹੈ. ਉਹ ਬੁਰੇ ਅਤੇ ਚੰਗੇ ਵਿਚ ਫਸ ਗਿਆ ਹੈ, ਅਤੇ ਮੈਨੂੰ ਉਸ ਲਈ ਅਫ਼ਸੋਸ ਹੈ. ਮੈਨੂੰ ਉਸ ਤੇ ਤਰਸ ਆਉਂਦਾ ਹੈ. ਮੈਨੂੰ ਉਸ ਤੇ ਪਿਆਰ ਆਉਂਦਾ ਹੈ." ਜੇ ਤੁਸੀਂ ਕਹਿੰਦੇ ਹੋ," ਉਹ ਵਿਅਕਤੀ ਬਹੁਤ ਵਧੀਆ ਹੈ, "[ਉਹ ਕਹੇਗਾ] ਮੈਨੂੰ ਖੁਸ਼ੀ ਹੈ ਕਿ ਵਿਅਕਤੀ ਨੇ ਖੁਦ ਨੂੰ ਸੰਭਾਲੀ ਰੱਖਿਆ ਹੈ, ਪਰ ਇੱਕ ਖ਼ਤਰਾ ਹੈ. ਅੱਜ ਉਹ ਚੰਗਾ ਹੈ; ਕੱਲ੍ਹ ਉਹ ਬੁਰਾ ਹੋ ਸਕਦਾ ਹੈ. ਇਹ ਇਕ ਮੁਸ਼ਕਲ ਫੈਸਲਾ ਹੈ." ਉਹ ਕਦੀ ਨਿਰਣਾ ਨਹੀਂ ਕਰੇਗਾ. ਹੁਣ ਇਹ ਇਕ ਅਪਵਾਦ ਹੈ ਜੋ ਬਹੁਤ ਘੱਟ ਲਭਦਾ ਹੈ. ਸਾਡੇ ਸਾਰਿਆਂ ਵਿਚ ਨਿਰਣਾ ਕਰਨ ਦੀ ਸੰਭਾਵਨਾ ਬਣੀ ਰਹਿੰਦੀ ਹੈ, ਅਸੀਂ ਹਰ ਵੇਲੇ ਨਿਰਣਾ ਕਰਦੇ ਹਾਂ. ਸਾਡੇ ਕੋਲ ਹਰ ਸਮੇਂ ਲੋਕਾਂ ਬਾਰੇ ਨਿਰਣੇ ਹੁੰਦੇ ਹਨ, ਇੱਥੋਂ ਤਕ ਕਿ ਚੁਗਲੀ, ਗੱਪਸ਼ੱਪ, ਚਰਚਾ ਵੀ ਕਰਦੇ ਰਹਿੰਦੇ ਹਾਂ. ਜਿੱਥੇ ਸਾਡੀ ਰਾਏ ਦਾ ਕੋਈ ਅਸਰ ਨਹੀਂ ਅਸੀਂ ਉੱਥੇ ਵੀ ਅਸੀਂ ਲੋਕਾਂ ਪ੍ਰਤੀ ਚੰਗੇ ਅਤੇ ਮੰਦੇ ਦੀ ਚਰਚਾ ਕਰਦੇ ਰਹਿੰਦੇ ਹਾਂ. ਇੱਕ ਪਰਮ ਸੰਤ ਸਤਿਗੁਰੂ ਕਦੇ ਵੀ ਅਜਿਹਾ ਨਹੀਂ ਕਰਦਾ

ਦੂਜੀ ਵਿਸ਼ੇਸ਼ਤਾ, ਜੋ ਹੋਰ ਵੀ ਹੈਰਾਨੀਜਨਕ ਹੈ, ਉਹ ਇਹ ਹੈ ਕਿ ਇਕ ਪਰਮ ਸੰਤ ਸਤਿਗੁਰੂ ਸਾਡੇ ਸਰੀਰ ਨੂੰ ਨਹੀਂ ਦੇਖਦਾ. ਉਹ ਸਾਡੇ ਮਨ ਨੂੰ ਨਹੀਂ ਦੇਖਦਾ. ਉਹ ਸਾਡੇ ਕਰਮਾਂ ਨੂੰ ਨਹੀਂ ਦੇਖਦਾ. ਉਹ ਸਾਡੀ ਰੂਹ ਨੂੰ ਦੇਖਦਾ ਹੈ. ਇਸ ਕਰਕੇ ਉਹ ਕੁਦਰਤੀ ਹੀ ਸਾਡੇ ਨਾਲ ਪਿਆਰ ਕਰਦਾ ਹਾਂ . ਇਹ ਪਿਆਰ ਬਹੁਤ ਪ੍ਰਤੱਖ ਅਤੇ ਜ਼ੋਰਦਾਰ ਹੁੰਦਾ ਹੈ. ਇਸ ਪਿਆਰ ਦੀ ਕਿਸੇ ਹੋਰ ਪਿਆਰ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ. ਇਹ ਤੁਲਣਾ ਹੋਵੇ ਵੀ ਕਿੱਦਾਂ ? ਇਹ ਪਿਆਰ ਬੇ ਸ਼ਰਤ ਹੁੰਦਾ ਹੈ. ਇੱਕ ਪਰਮ ਸੰਤ ਸਤਿਗੁਰੂ ਕਦੀ ਨਹੀਂ ਕਹਿੰਦਾ, " ਤੁਸੀਂ ਚੰਗੇ ਇਨਸਾਨ ਬਣੋ; ਨਹੀਂ ਤਾਂ ਮੈਂ ਤੁਹਾਨੂੰ ਪਿਆਰ ਨਹੀਂ ਕਰਾਂਗਾ." ਕਦੇ ਨਹੀਂ! ਜੇ ਤੁਸੀਂ ਉਸ ਨੂੰ ਪਿਆਰ ਕਰਦੇ ਹੋ ਤਾਂ ਉਹ ਤੁਹਾਨੂੰ ਪਿਆਰ ਕਰੇਗਾ. ਜੇ ਤੁਸੀਂ ਉਸ ਨੂੰ ਪਿਆਰ ਨਹੀਂ ਕਰਦੇ ਤਾਂ ਵੀ ਉਹ ਤੁਹਾਨੂੰ ਪਿਆਰ ਕਰੇਗਾ. ਜੇ ਤੁਸੀਂ ਉਸ ਨਾਲ ਨਫ਼ਰਤ ਕਰਦੇ ਹੋ ਤਾਂ ਵੀ ਉਹ ਤੁਹਾਨੂੰ ਪਿਆਰ ਕਰੇਗਾ. ਜੇਕਰ ਤੁਸੀਂ ਉਸਨੂੰ ਮਾਰ ਦੇਵੋ ਤਦ ਵੀ ਉਹ ਤੁਹਾਨੂੰ ਪਿਆਰ ਕਰੇਗਾ. ਉਹ ਇਕ ਜਿਓਂਦਾ ਜਾਗਦਾ ਵਿਅਕਤੀ ਹੁੰਦਾ ਹੈ. ਉਹ ਸਾਡੇ ਵਰਗਾ ਮਨੁੱਖ ਹੁੰਦਾ ਹੈ, ਅਤੇ ਫਿਰ ਵੀ ਉਸਦਾ ਪਿਆਰ ਬੇ ਸ਼ਰਤ ਹੁੰਦਾ ਹੈ. ਪੂਰੀ ਤਰ੍ਹਾਂ ਬੇ ਸ਼ਰਤ. ਕਿਉਂ ? ਕਿਉਂਕਿ ਉਹ ਸਥੂਲ ਸਵੈ ਤੋਂ ਨਹੀਂ ਵਿਚਰ ਰਿਹਾ ਹੁੰਦਾ. ਸਥੂਲ ਸਰੀਰ ਵਿਚ ਹੁੰਦੇ ਹੋਈ ਉਹ ਰੂਹਾਨੀ ਆਪੇ ਤੋਂ ਕਿਰਿਆ ਕਰਦੇ ਹੋਏ ਤੁਹਾਡੇ ਰੂਹਾਨੀ ਸਵੈ ਨੂੰ ਸੰਬੋਧਿਤ ਕਰ ਰਿਹਾ ਹੁੰਦਾ ਹੈ. ਕੁਝ ਸਮੇਂ ਬਾਅਦ ਜਦੋਂ ਅਸੀਂ ਇੱਕ ਪਰਮ ਸੰਤ ਸਤਿਗੁਰੂ ਨੂੰ ਜਾਣਨ ਲੱਗਦੇ ਹਾਂ ਤਾਂ ਇਹ ਮਹਿਸੂਸ ਹੁੰਦਾ ਹੈ ਕਿ ਉਹ ਅਸਲ ਵਿੱਚ ਸਾਡੇ ਸਰੀਰ ਨਾਲ ਜਾਂ ਸਾਡੇ ਸਵੈ ਨਾਲ ਨਹੀਂ ਗੱਲ ਕਰ ਰਿਹਾ ਹੁੰਦਾ ਪਰ ਉਸ ਤੋਂ ਵੀ ਗਹਿਰਾਈ ਤੇ ਗੱਲ ਕਰ ਰਿਹਾ ਹੁੰਦਾ ਹੈ. ਉਹ ਸਾਡੇ ਵਿੱਚ ਕੁਝ ਅਜਿਹਾ ਛੂਹ ਰਿਹਾ ਹੁੰਦਾ ਹੈ ਜੋ ਅਸੀਂ ਪਹਿਲਾ ਕਦੇ ਮਹਿਸੂਸ ਨਹੀਂ ਕੀਤਾ. ਉਹ ਸਾਡੀ ਰੂਹ ਨੂੰ ਛੂਹ ਰਿਹਾ ਹੁੰਦਾ ਹੈ. ਇਸ ਲਈ, ਇੱਕ ਪਰਮ ਸੰਤ ਸਤਿਗੁਰੂ ਦਾ ਇਹ ਬੇ ਸ਼ਰਤ ਪਿਆਰ ਇਕ ਅਨੋਖੀ ਗੱਲ ਹੈ, ਅਤੇ ਇਸ ਤਰ੍ਹਾਂ ਦਾ ਪਿਆਰ ਤੁਸੀਂ ਆਮ ਤੌਰ ਤੇ ਇਸ ਸੰਸਾਰ ਵਿੱਚ ਨਹੀਂ ਲੱਭ ਸਕਦੇ.

ਬੇਸ਼ਕ, ਕੁਝ ਅਜਿਹੇ ਵੀ ਲੋਕ ਹੋ ਸਕਦੇ ਹਨ ਜੋ ਬਹੁਤ ਹੀ ਉੱਚ ਅਧਿਆਤਮਿਕ ਜੀਵ ਹੁੰਦੇ ਹਨ. ਉਹਨਾਂ ਦੇ ਵੀ ਅਜਿਹੇ ਲੱਛਣ ਹੁੰਦੇ ਹਨ. ਵਾਸਤਵ ਵਿੱਚ, ਅਜਿਹੇ ਲੋਕ ਵੀ ਹੋ ਸਕਦੇ ਹਨ ਜਿਨ੍ਹਾਂ ਦੇ ਅਨੁਭਵ ਪਰਮ ਸੰਤ ਸਤਿਗੁਰੂ ਵਰਗੇ ਹੀ ਹੁੰਦੇ ਹੋਣ. ਪਰ ਉਹਨਾਂ ਦੀ ਭੂਮਿਕਾ ਇੱਕ ਸਤਿਗੁਰੂ ਬਣਨਾ ਨਹੀਂ ਹੁੰਦੀ, ਭਾਵੇਂ ਉਨ੍ਹਾਂ ਕੋਲ ਅਨੁਭਵ ਹੁੰਦਾ ਹੈ. ਸੋ ਇਥੇ ਅਜਿਹੇ ਲੋਕ ਹੁੰਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਇਸ ਤਰ੍ਹਾਂ ਦੇ ਲਛਣਾਂ ਕਰਕੇ ਅਸੀਂ ਗੁਰਮੁਖ ਕਹਿੰਦੇ ਹਾਂ. ਇਸਦਾ ਭਾਵ ਉਹ ਲੋਕ ਹਨ ਜਿਹੜੇ ਆਪਣੇ ਸਤਿਗੁਰੂ ਦੀ ਪਾਲਣਾ ਕਰਦੇ ਹੋਏ ਉਸ ਪੜਾਅ ਪਹੁੰਚ ਗਏ ਹੁੰਦੇ ਹਨ. ਦੂਜੇ ਤਰ੍ਹਾਂ ਦੇ ਲੋਕਾਂ ਨੂੰ ਅਸੀਂ ਮਨਮੁਖ ਕਹਿੰਦੇ ਹਾਂ. ਜਿਹੜੇ ਆਪਣੇ ਮਨ ਦੀ ਪਾਲਣਾ ਕਰਦੇ ਹਨ. ਸਾਡੇ ਵਿੱਚੋਂ ਜ਼ਿਆਦਾਤਰ ਲੋਕ ਮਨਮੁਖ ਹੁੰਦੇ ਹਨ. ਅਸੀਂ ਆਪਣੇ ਮਨ ਦੀ ਪਾਲਣਾ ਕਰਦੇ ਹਾਂ. ਇਥੇ ਕੁਝ ਲੋਕ ਹੁੰਦੇ ਹਨ ਜੋ ਆਪਣੀ ਪੂਰੀ ਜ਼ਿੰਦਗੀ ਸਤਿਗੁਰੂ ਦੇ ਹੁਕਮ ਵਿਚ ਜੀਉਂਦੇ ਹਨ. ਉਹ ਗੁਰਮੁਖ ਹੁੰਦੇ ਹਨ. ਸੋ ਇਥੇ ਲੋਕ ਹੁੰਦੇ ਹਨ ਜਿਨ੍ਹਾਂ ਦੀ ਭੂਮਿਕਾ ਸਤਿਗੁਰੂ ਸਤਿਗੁਰ ਵਾਂਗ ਨਹੀਂ ਹੁੰਦੀ. ਉਨ੍ਹਾਂ ਕੋਲ ਬਹੁਤ ਉੱਚੀ ਜਾਗਰੂਕਤਾ ਅਤੇ ਉੱਚਤਮ ਚੇਤਨਾ ਹੁੰਦੀ ਹੈ, ਪਰ ਉਹ ਇਸ ਦੁਨੀਆਂ ਵਿਚ ਕਿਸੇ ਨੂੰ ਸਿਖਾਉਣ ਜਾਂ ਕਿਸੇ ਨੂੰ ਵਾਪਸ ਲਿਜਾਉਣ ਲਈ ਨਹੀਂ ਆਏ ਹੋਏ ਹੁੰਦੇ. ਊਨਾ ਕੋਲ ਵੀ ਸਤਿਗੁਰੂ ਵਰਗੇ ਗੁਣ, ਜਿਦਾਂ ਕਿ ਉਹ ਨਿਰਣਾਇਕ ਨਹੀਂ ਹੁੰਦੇ ਅਤੇ ਉਨ੍ਹਾਂ ਕੋਲ ਵੀ ਸ਼ੁੱਧ ਪਿਆਰ ਹੋਣ ਦੀ ਵਿਸ਼ੇਸ਼ਤਾ ਹੁੰਦੀ ਹੈ.

ਕੁਝ ਛੋਟੀਆਂ ਬੁਰੀਆਂ ਚੀਜ਼ਾਂ ਵੀ ਹੁੰਦੀਆਂ ਹਨ ਜਿਨ੍ਹਾਂ ਨੂੰ ਅਸੀਂ ਔਗੁਣ ਕਹਿੰਦੇ ਹਾਂ, ਪਰ ਮੈਨੂੰ ਪਤਾ ਨਹੀਂ ਕਿ ਤੁਸੀਂ ਇਨਾ ਬਾਰੇ ਨਿਰਣਾ ਜਾਂ ਕੋਈ ਫੈਸਲਾ ਕਰ ਸਕਦੇ ਹੋ. ਜਿਵੇਂ ਕ੍ਰੋਧ. ਅਸੀਂ ਸਾਰੇ ਕ੍ਰੋਧਿਤ ਹੋ ਜਾਂਦੇ ਹਾਂ. ਸਾਨੂੰ ਗੁੱਸਾ ਆਉਂਦਾ ਹੈ. ਸਾਨੂੰ ਮੋਹ ਹੁੰਦਾ ਹੈ. ਸਾਨੂੰ ਲੋਭ ਹੁੰਦਾ ਹੈ. ਇਸ ਕਿਸਮ ਦੇ negative ਐਬ ਸਾਡੇ ਮਨ ਤੋਂ ਜਨਮ ਲੈਂਦੇ ਹਨ ਅਤੇ ਸਾਡੇ ਦੁਆਰਾ ਰੋਜ਼ਾਨਾ ਇਨ੍ਹਾਂ ਦਾ ਅਭਿਆਸ ਕੀਤਾ ਜਾਂਦਾ ਹੈ, ਅਤੇ ਕਦੇ-ਕਦੇ ਸਾਨੂ ਲਗਦਾ ਹੈ ਹੀ ਅਸੀਂ ਇਨ੍ਹਾਂ ਤੇ ਕਾਬੂ ਨਹੀਂ ਪਾ ਸਕਦੇ. ਇਹ negative ਚੀਜਾਂ- ਕਾਮ, ਕ੍ਰੋਧ, ਲੋਭ, ਮੋਹ, ਅਤੇ ਹੰਕਾਰ - ਇਹ ਪੰਜ ਬੁਰਾਈਆਂ ਸਾਡੇ ਸਾਰਿਆਂ ਵਿਚ ਹੁੰਦੀਆਂ ਹਨ. ਅਸਲ ਵਿੱਚ ਇਹ ਬਹੁਤ ਜ਼ਰੂਰੀ ਵੀ ਹਨ – ਕਿਸ ਲਈ ? ਸਾਡੇ ਕਰਮਾਂ ਦਾ ਭੁਗਤਾਨ ਕਰਨ ਲਈ, ਜਿਨ੍ਹਾਂ ਨੂੰ ਅਸੀਂ ਆਪਣੇ ਮਨ ਨਾਲ ਬਣਾਇਆ ਹੁੰਦਾ ਹੈ. ਅਸੀਂ ਇਨ੍ਹਾਂ negative ਚੀਜ਼ਾਂ ਦਾ ਇਸਤੇਮਾਲ ਆਪਣੇ ਦੁਆਰਾ ਨਿਰਮਾਣ ਕੀਤੇ ਹੋਏ ਕਰਮਾਂ ਨੂੰ ਭੁਗਤਾਨ ਲਈ ਕਰਦੇ ਹਾਂ. ਇਹ ਬਹੁਤ ਹੈਰਾਨੀਜਨਕ ਲਗਦਾ ਹੈ ਕਿ ਕਾਰਨ ਅਤੇ ਪ੍ਰਭਾਵਾਂ ਦੇ ਨਿਯਮਾਂ ਅਤੇ ਕਰਮ ਦੇ ਵਿਧਾਨ ਵਿਚ ਜੀਣ ਲਈ ਸਾਨੂੰ negative ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ. ਇਹੀ ਤਾਂ ਅਸੀਂ ਕਰਦੇ ਹਾਂ. ਫਿਰ ਵੀ ਜੇ ਤੁਸੀਂ ਮਨ ਤੋਂ ਉਪਰ ਉਠ ਜਾਂਦੇ ਹੋ, ਤਾਂ ਤੁਹਾਨੂੰ ਪਤਾ ਲਗ ਜਾਂਦਾ ਹੈ ਕਿ ਇਹਨਾਂ ਵਿਚੋਂ ਕੋਈ ਵੀ ਚੀਜ਼ ਤੁਹਾਨੂੰ ਪਰੇਸ਼ਾਨ ਨਹੀਂ ਕਰਦੀ. ਇਹਨਾਂ ਵਿਚੋਂ ਕੋਈ ਵੀ ਚੀਜ਼ ਤੁਹਾਨੂੰ ਪਰੇਸ਼ਾਨ ਨਹੀਂ ਕਰੇਗੀ. ਤੁਹਾਨੂੰ ਕਾਮ ਨਹੀਂ ਪਰੇਸ਼ਾਨ ਕਰੇਗਾ. ਤੁਹਾਨੂੰ ਕ੍ਰੋਧ ਨਹੀਂ ਆਵੇਗਾ. ਤੁਹਾਨੂੰ ਲਾਲਚ ਨਹੀਂ ਸਤਾਏਗਾ. ਤੁਹਾਨੂੰ ਮੋਹ ਨਹੀਂ ਪਰੇਸ਼ਾਨ ਕਰੇਗਾ ਅਤੇ ਤੁਹਾਨੂੰ ਹੰਕਾਰ ਨਹੀਂ ਹੋਵੇਗਾ. ਤੁਹਾਡੀ ਨਿਮਰਤਾ ਅਸਲੀ ਹੋਵੇਗੀ ਇਹ ਇਕ ਹੋਰ ਨਿਸ਼ਾਨੀ ਹੈ. ਇੱਕ ਕਾਮਲ ਮੁਰਸ਼ਦ ਵਿੱਚ, ਜੋ ਸਾਡੇ ਵਰਗੇ ਸਾਧਾਰਨ ਮਨੁੱਖ ਹੀ ਹੁੰਦੇ ਹਨ, ਊਨਾ ਵਿਚ ਤੁਸੀਂ ਇਹ ਗੁਣ ਦੇਖੋਗੇ ਅਤੇ ਮਹਿਸੂਸ ਕਰੋਗੇ ਕਿ ਇਹ ਵਿਅਕਤੀ ਕੁਝ ਵੱਖਰੀ ਤਰਾਂ ਦਾ ਹੈ.

ਸੋ ਇਹ ਗੁਣ ਜੋ ਤੁਸੀਂ ਇਕ ਪਰਮ ਸੰਤ ਸਤਿਗੁਰੂ ਵਿਚ ਦੇਖ ਸਕਦੇ ਹੋ ਜੋ ਕਿ ਸਥੂਲ ਸ਼ਰੀਰ ਵਿਚ ਹੁੰਦਾ ਹੈ, ਉਹ ਬਹੁਤ ਵਿਲੱਖਣ ਹੁੰਦੇ ਹਨ . ਇਹ ਹੋਰ ਲੋਕਾਂ ਤੋਂ ਬਿਲਕੁਲ ਅਲੱਗ ਹੁੰਦੇ ਹਨ ਜਿਸ ਤੋਂ ਸਾਨੂੰ ਪਤਾ ਲਗਦਾ ਹੈ ਕਿ ਉਹ ਸਤਿਗੁਰੂ ਅਜਿਹੀ ਅਵਸਥਾ ਵਿਚ ਪਹੁੰਚਿਆ ਹੋਇਆ ਹੈ ਜੋ ਮਨ ਦੁਆਰਾ ਨਿਯੰਤ੍ਰਿਤ ਨਹੀਂ ਹੋ ਰਹੀ ਹੈ. ਇੱਦਾਂ ਹੀ ਹੁੰਦਾ ਹੈ. ਉਹ ਮਨ ਤੋਂ ਨਹੀਂ ਕਾਰਜ ਕਰ ਰਿਹਾ ਹੁੰਦਾ. ਉਹ ਲੋੜ ਅਨੁਸਾਰ ਮਨ ਦੀ ਵਰਤੋਂ ਕਰਦਾ ਹੈ. ਉਹ ਮਨ ਦੀ ਵਰਤੋਂ ਭਾਸ਼ਾ ਵਿਕਸਤ ਕਰਨ ਲਈ ਕਰ ਸਕਦਾ ਹੈ ਜਿਸ ਨਾਲ ਉਹ ਸਾਡੇ ਨਾਲ ਗੱਲ ਸਕਦਾ ਹੈ. ਉਹ ਇੱਕ ਦਲੀਲ ਜਾਂ ਵਿਆਖਿਆ ਕਰਨ ਲਈ ਮਨ ਦੀ ਵਰਤੋਂ ਕਰ ਸਕਦਾ ਹੈ. ਉਹ ਸਾਡੇ ਨਾਲ ਗੱਲਬਾਤ ਕਰਨ ਲਈ ਮਨ ਦੀ ਵਰਤੋਂ ਕਰ ਸਕਦਾ ਹੈ. ਪਰ ਉਹ ਪੁਰਸ਼ ਮਨ ਦੁਆਰਾ ਨਹੀਂ ਚਲਾਇਆ ਜਾ ਰਿਹਾ ਹੁੰਦਾ. ਮਨ ਉਸ

ਨੂੰ ਨਹੀਂ ਦੱਸਦਾ ਕਿ ਕੀ ਕਰਨਾ ਹੈ. ਉਹ ਮਨ ਨੂੰ ਦੱਸਦਾ ਹੈ ਕਿ ਕੀ ਕਰਨਾ ਹੈ, ਜੋ ਕਿ ਸਾਨੂੰ ਸਭ ਨੂੰ ਕਰਨਾ ਚਾਹੀਦਾ ਹੈ.

ਮਨ ਸਾਨੂੰ ਇਸ ਲਈ ਨਹੀਂ ਦਿੱਤਾ ਗਿਆ ਕਿ ਉਹ ਸਾਨੂੰ ਦੱਸੇ ਕਿ ਕੀ ਕਰਨਾ ਹੈ । ਮਨ ਸਾਨੂੰ ਦਿੱਤਾ ਗਿਆ ਸੀ ਤਾਂ ਜੋ ਅਸੀਂ ਮਨ ਨੂੰ ਹਿਦਾਇਤ ਦੇ ਸਕੀਏ ਕਿ ਕੀ ਸੋਚਣਾ ਹੈ, ਕੀ ਕਰਨਾ ਹੈ। ਪਰ ਸਭ ਉਲਟ ਹੋ ਗਿਆ ਹੈ । ਅੱਜ ਮਨ ਸਾਨੂੰ ਦੱਸ ਰਿਹਾ ਹੈ ਕਿ ਕੀ ਕਰਨਾ ਚਾਹੀਦਾ ਹੈ। ਕੇਵਲ ਇਹ ਹੀ ਨਹੀਂ, ਅਸੀਂ ਇੱਕ ਅਜਿਹੀ ਸਥਿਤੀ ਵਿਚ ਪਹੁੰਚ ਚੁੱਕੇ ਹਾਂ ਜਿੱਥੇ ਇਹ ਮਨ ਲਗਾਤਾਰ ਸਾਡੀ ਅਗਵਾਈ ਕਰਦਾ ਰਹਿੰਦਾ ਹੈ ਅਤੇ ਅਸੀਂ ਸੋਚਦੇ ਹਾਂ ਕਿ ਅਸੀਂ ਮਨ ਹਾਂ। ਲੋਕ ਕਹਿੰਦੇ ਹਨ, "ਮੈਂ ਸੋਚ ਰਿਹਾ ਹਾਂ। ਇਹ ਮੈਂ ਹਾਂ ਜੋ ਸੋਚ ਰਿਹਾ ਹੈ ।" ਅਸੀਂ ਨਹੀਂ ਸੋਚਦੇ। ਅਸੀਂ ਆਪਣੇ ਮਨ ਤੋਂ ਇਹ ਸੋਚਣ ਦਾ ਕਾਰਜ ਲੈਂਦੇ ਹਾਂ। ਪਰ ਅਸੀਂ ਆਪਣੇ ਆਪ ਨੂੰ ਵੱਖ ਨਹੀਂ ਕਰਦੇ। ਸਾਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਅਸੀਂ ਅਸਲ ਵਿਚ ਚੇਤਨਾ ਹਾਂ , ਜੋ ਕਿਸੇ ਵੀ ਚੀਜ ਬਾਰੇ ਚੇਤਨ ਹੋ ਸਕਦੀ ਹੈ , ਅਤੇ ਅਸੀਂ ਆਪਣੀ ਚੇਤਨਾ ਵਿੱਚ ਲੱਗੀ ਇੱਕ ਮਸ਼ੀਨ ਦੀ ਵਰਤੋਂ ਕਰਦੇ ਹਾਂ ਜਿਸਨੂੰ ਮਨ ਕਿਹਾ ਜਾਂਦਾ ਹੈ, ਜੋ ਸੋਚਦਾ ਹੈ। ਸਾਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਸਾਡੀ ਚੇਤਨਾ ਮਨ ਨੂੰ ਸੋਚਣ ਦੀ ਸੱਤਾ ਦੇਂਦੀ ਹੈ। ਇਸ ਲਈ, ਸਾਨੂੰ ਮਨ ਨੂੰ ਉਹ ਚੀਜ ਸੋਚਣ ਲਈ ਇਸਤੇਮਾਲ ਕਰਨਾ ਚਾਹੀਦਾ ਹੈ ਜੋ ਅਸੀਂ ਚਾਹੁੰਦੇ ਹੋਈਏ ਨਾ ਕਿ ਮਨ ਆਪਣੇ ਆਪ ਜੋ ਚਾਹੁੰਦਾ ਹੈ ਸੋਚੀ ਜਾਵੇ ਅਤੇ ਅਸੀਂ ਉਸ ਦੀ ਪਾਲਣਾ ਕਰਿ ਜਾਈਏ। ਇਹੀ ਹੈ ਜੋ ਗਲਤ ਹੋ ਗਿਆ ਹੈ। ਅਸੀਂ ਗੱਡੇ ਨੂੰ ਬਲਦਾਂ ਦੇ ਅੱਗੇ ਲਾ ਦਿੱਤਾ ਹੈ। ਸਾਨੂੰ ਆਪਣੇ ਆਪ ਨੂੰ ਸੰਚਾਲਕ ਬਣ ਕੇ ਮਨ ਨੂੰ ਨਿਰਦੇਸ਼ ਦੇਣ ਦੀ ਲੋੜ ਸੀ ਕਿ ਕਰਨਾ ਹੈ। ਮਨ ਪੂਰੀ ਜਾਣਕਾਰੀ ਹੋਣ ਤੋਂ ਬਿਨਾ ਹੀ ਨਿਰੰਤਰ ਸੋਚਦਾ ਰਹਿੰਦਾ ਹੈ ਅਤੇ ਦੱਸਦਾ ਰਹਿੰਦਾ ਕੀ ਕਰਨਾ ਹੈ ਅਤੇ ਅਸੀਂ ਅੰਨ੍ਹੇਵਾਹ ਉਸ ਦੀ ਪਾਲਣਾ ਕਰਦੇ ਚਲੇ ਜਾਂਦੇ ਹਾਂ। ਮਨ ਕੋਲ ਅਧੂਰੀ ਜਾਣਕਾਰੀ ਹੁੰਦੀ ਹੈ। ਬਹੁਤ ਸਾਰੀ ਜਾਣਕਾਰੀ ਤਾਂ ਮਨ ਦੇ ਅਵਚੇਤਨ ਵਿੱਚ ਸਮਾ ਗਈ ਹੁੰਦੀ ਹੈ ਅਤੇ ਮਨ ਜਾਣਕਾਰੀ ਦੇ ਕੁਝ ਟੁਕੜਿਆਂ ਨੂੰ ਜੋੜ ਕੇ ਸਾਨੂੰ ਦਿਸ਼ਾ ਪ੍ਰਦਾਨ ਕਰਦਾ ਹੈ, ਕਹਿੰਦਾ ਹੈ ਇਹ ਕਰੋ, ਉਹ ਕਰੋ ਅਤੇ ਅਸੀਂ ਉਹ ਸਭ ਕਰਨਾ ਸ਼ੁਰੂ ਕਰ ਦਿੰਦੇ ਹਾਂ। ਜਦੋਂ ਕੁਝ ਗਲਤ ਹੋ ਜਾਂਦਾ ਹੈ ਤਾਂ ਮਨ ਕਹਿੰਦਾ ਹੈ, "ਓ, ਮੈਨੂੰ ਪਤਾ ਨਹੀਂ ਸੀ," ਅਤੇ ਅਸੀਂ ਕਹਿੰਦੇ ਹਾਂ, "ਅਫ਼ਸੋਸ ਹੈ, ਅਸੀਂ ਇੱਕ ਹੋਰ ਗਲਤੀ ਕਰ ਦਿੱਤੀ ਹੈ।" ਇੱਕ ਹੋਰ ਕਰਮ।

ਇਹ ਕਿਹੋ ਜਿਹਾ ਜੀਵਨ ਹੈ? ਜੀਵਨ ਨੂੰ ਇਸ ਇਰਾਦੇ ਨਾਲ ਨਹੀਂ ਸੀ ਬਣਾਇਆ ਗਿਆ ਕਿ ਇਹ ਮਨ ਅਨੁਸਾਰ ਕੰਮ ਕਰੇ। ਅਸੀਂ ਇਸ ਲਈ ਤਾਂ ਨਹੀਂ ਇਸ ਸੰਸਾਰ ਵਿਚ ਆਏ । ਅਸੀਂ ਵਧੀਆ ਸਾਜ਼ੋ-ਸਮਾਂ ਨਾਲ ਲੈਸ ਇਸ ਸੰਸਾਰ ਵਿੱਚ ਆਏ ਸੀ ਤਾਂ ਜੋ ਅਸੀਂ ਵਧੀਆ ਸਮਾਂ ਬਿਤਾ ਸਕੀਏ। ਸਾਡੇ ਕੋਲ ਮਨ ਵਰਗਾ ਇੱਕ ਅਜਿਹਾ ਯੰਤਰ ਸੀ ਜੋ ਗੱਲਬਾਤ ਕਰ ਸਕਦਾ ਹੋਵੇ, ਜੋ ਤਰਕ-ਵਿਤਰਕ ਕਰ ਸਕਦਾ ਹੋਵੇ। ਜੋ ਚੱਲ ਰਹੀਆਂ ਕਿਰਆਵਾਂ ਬਾਰੇ ਸਾਨੂੰ ਸਾਡੀ ਮਰਜੀ ਅਨੁਸਾਰ ਦੱਸੇ। ਅਸੀਂ ਇੱਕ ਅਜਿਹੇ ਮਨ ਨਾਲ ਲੈਸ ਹੋ ਕੇ ਆਏ ਸੀ ਜੋ ਗਿਆਨ ਇੰਦਰੀਆਂ ਪੈਦਾ ਕਰ ਸਕਦਾ ਹੋਵੇ ਅਤੇ ਫਿਰ ਉਨ੍ਹਾਂ ਇੰਦਰੀਆਂ ਨੂੰ ਵੇਖਣ, ਛੋਹਣ, ਚੱਖਣ ਅਤੇ ਸੁੰਘਣ ਵਿੱਚ ਵੰਡ ਸਕੇ। ਅਸੀਂ ਇਸ ਸਥੂਲ ਸਰੀਰ ਨਾਲ ਲੈਸ ਇਸ ਦੁਨੀਆਂ ਵਿਚ ਆਏ ਸੀ ਤਾਂ ਜੋ ਇਨ੍ਹਾਂ ਇੰਦਰੀਆਂ ਨੂੰ ਇਸ ਵਿਚ ਰੱਖਿਆ ਜਾ ਸਕੇ ਅਤੇ ਉਹ ਉਸ ਤਰ੍ਹਾਂ ਕੰਮ ਕਰਨ ਜਿਵੇਂ ਉਹ ਇਸ ਸਰੀਰ ਦਾ ਹੀ ਹਿਸਾ ਹੋਣ। ਇਕ ਦਿਲੇਰੀ ਵਾਲਾ ਅਨੁਭਵ ਲੈਣ ਲਈ ਸਾਨੂੰ ਹੋਰ ਕੀ ਚਾਹੀਦਾ ਹੈ? ਕੋਈ ਵੀ ਅਨੁਭਵ ਲੈਣ ਲਈ ਹੋਰ ਕੀ ਚਾਹੀਦਾ ਹੈ ? ਸਾਨੂੰ ਜੋ ਸਾਧਨ ਮਿਲੇ ਸਨ ਉਨ੍ਹਾਂ ਨਾਲ ਕਿਸੇ ਕਿਸਮ ਦਾ ਵੀ ਤਮਾਸ਼ਾ ਪੈਦਾ ਕੀਤਾ ਜਾ ਸਕਦਾ ਸੀ। ਪਰ ਅਸੀਂ ਕੀ ਕੀਤਾ? ਇਨਾ ਨਾਲ ਕੋਈ ਅਨੁਭਵ ਲੈਣ ਦੇ ਬਜਾਏ ਅਸੀਂ ਆਪਣੇ ਆਪ ਨੂੰ ਭੁੱਲ ਕੇ ਇਨਾ ਦਾ ਰੂਪ ਸਮਝਣਾ ਸ਼ੁਰੂ ਕਰ ਦਿੱਤਾ।

ਪਹਿਲਾਂ, ਅਸੀਂ ਸੋਚਿਆ ਕਿ ਸਾਡਾ ਮਨ ਹੀ ਸਾਡਾ ਆਪਣਾ ਆਪ ਹੈ। ਮਨ ਸੋਚਦਾ ਹੈ ਅਤੇ ਅਸੀਂ ਕਹਿੰਦੇ ਹਾਂ, "ਮੈਂ ਸੋਚਦਾ ਹਾਂ।" ਮੈਂ ਅਤੇ ਮਨ ਇੱਕ ਹੋ ਗਏ। ਭਿਆਨਕ ਗਲਤੀ! ਫਿਰ ਅਸੀਂ ਸੋਚਿਆ, "ਇਹ ਇੰਦਰੀਆਂ ਮੇਰੀਆਂ ਹਨ। ਮੈਂ ਵੇਖ ਰਿਹਾ ਹਾਂ। ਇਹ ਮੇਰੀਆਂ ਦੇਖਣ ਵਾਲਿਆਂ ਅੱਖਾਂ ਹਨ। "ਭਿਆਨਕ ਗਲਤੀ! ਇਹ ਅੱਖਾਂ ਦਾ ਸਮਾਨ ਜੋ ਸਾਨੂੰ ਦੇਖਣ ਲਈ ਦਿੱਤਾ ਗਿਆ ਸੀ ਇਸ ਨੂੰ ਅਸੀਂ ਆਪਣਾ ਆਪ ਕਹਿੰਦੇ ਹਾਂ ਫਿਰ ਸਭ ਤੋਂ ਭਾਰੀ ਗਲਤੀ, ਸਥੂਲ ਸਰੀਰ ਦਾ ਇੱਕ ਅਸਥਾਈ ਕਵਰ, ਇੱਕ ਗਿਲਾਫ਼, ਜੋ ਸਾਨੂੰ ਸੰਸਾਰ ਦੇ ਸਥੂਲ ਅਨੁਭਵ ਲੈਣ ਲਈ ਦਿੱਤਾ।ਗਿਆ ਸੀ, ਅਸੀਂ ਉਸ ਨੂੰ ਆਪਣਾ ਸਵੈ ਸਮਝ ਲਿਆ ਤੇ ਕਿਹਾ, ਇਹ ਮੈਂ ਹਾਂ। ਇਹ ਹੈ ਮੇਰਾ ਸਥੂਲ ਸਰੀਰ ਹੈ। "ਅਸੀਂ ਤਿੰਨ ਵੱਡੀਆਂ ਗ਼ਲਤੀਆਂ ਕੀਤੀਆਂ ਹਨ! ਗਲਤ ਪਛਾਣ ਦੀਆਂ ਗਲਤੀਆਂ। ਜੋ ਕਵਰ ਸਾਨੂੰ ਮਿਲੇ ਸਨ, ਅਸੀਂ ਉਸ ਨੂੰ ਆਪਣਾ ਆਪ ਸਮਝ ਲਿਆ ਜਦਕਿ ਉਹ ਸਾਨੂੰ ਕੇਵਲ ਅਨੁਭਵ ਦੇਣ ਲਈ ਬਣਾਏ ਗਏ ਸੀ । ਸਾਡਾ ਆਪਾ ਜਾਂ ਸਵੈ ਅੰਦਰ ਬੈਠਾ ਇਨ੍ਹਾਂ ਤਿੰਨਾ ਨੂੰ ਜੀਵਨ ਸ਼ਕਤੀ ਦੇ ਰਿਹਾ ਹੈ। ਇਹ ਜੀਵਨ ਸ਼ਕਤੀ, ਚੇਤਨਾ, ਆਤਮਾ, ਰੂਹ, ਜੋ ਅੰਦਰ ਸੀ, ਜਿਸ ਨੇ ਇਨ੍ਹਾਂ ਤਿੰਨ ਚੀਜ਼ਾਂ ਦੀ ਰਚਨਾ ਕੀਤੀ ਅਤੇ ਜੋ ਇਨ੍ਹਾਂ ਨੂੰ ਚਲਾ ਰਹੀ ਸੀ, ਅੰਦਰ ਗੁੰਮ ਹੋ ਗਈ।

ਸਾਨੂੰ ਇਹ ਵੀ ਨਹੀਂ ਪਤਾ ਕਿ ਅਸੀਂ ਕੌਣ ਹਾਂ, ਅਸੀਂ ਇਨ੍ਹਾਂ ਕਵਰਾਂ ਨੂੰ ਹੀ ਆਪਣਾ ਆਪ ਸਮਝੀ ਬੈਠੇ ਹਾਂ । ਜੇ ਅਸੀਂ ਇਹ ਸਾਰੇ ਕਵਰ ਉਤਾਰ ਵੀ ਦਈਏ ਤਦ ਅੰਦਰਲਾ ਕਵਰ ਸਦਾ ਆਪਾ ਬਣ ਬੈਠਦਾ ਹੈ । ਅਸੀਂ ਇਸ ਵਿਚੋਂ ਕਿਵੇਂ ਬਾਹਰ ਨਿਕਲੀਏ ? ਜੇ ਕੋਈ ਪਰਮ ਸੰਤ ਸਤਿਗੁਰੂ ਸਾਨੂੰ ਇਨਾਂ ਕਵਰਾਂ ਬਾਰੇ ਨਾਂ ਦਸਦਾ ਕਿ ਇਹ ਸਾਡੇ ਸਵੈ ਉੱਤੇ ਪਏ ਪਰਦੇ ਹਨ, ਜੇ ਕੋਈ ਪਰਮ ਸੰਤ ਸਤਿਗੁਰੂ ਇਸਦਾ ਖੁਲਾਸਾ ਨਾ ਕਰਦਾ ਤਾਂ ਅਸੀਂ ਕਦੀ ਵੀ ਇਸ ਤੋਂ ਬਾਹਰ ਨਹੀਂ ਸੀ ਨਿਕਲ ਸਕਦੇ । ਮੈਨੂੰ ਕੋਈ ਤਰੀਕਾ ਨਹੀਂ ਨਜ਼ਰ ਆਉਂਦਾ ਜਿਸ ਨਾਲ ਸਾਡੀ ਸੋਚ ਵਿਚਾਰ ਸਾਨੂੰ ਇਨਾ ਤੋਂ ਬਾਹਰ ਨਿਕਾਲ ਸਕਦੀ ਹੋਵੇ । ਕਿਉਂਕਿ ਸੋਚ ਸਾਨੂੰ ਮਨ ਦੇ ਦਾਇਰੇ ਵਿਚ ਹੀ ਰਖੇਗੀ ਅਤੇ ਤਿੰਨ ਪੜਾਵਾਂ ਦੇ ਅਨੁਭਵ ਮਨ ਤੋਂ ਹੀ ਉਤਪਨ ਹੁੰਦੇ ਹਨ । ਇਸ ਲਈ, ਅਸੀਂ ਬੁਰੀ ਮੁਸੀਬਤ ਵਿੱਚ ਸੀ, ਪਰ ਸਾਨੂੰ ਕੁੰਜੀ ਪ੍ਰਾਪਤ

ਹੋ ਗਈ। ਰੱਬ ਦਾ ਸ਼ੁਕਰ ਹੈ ਕਿ ਸਾਡੇ ਵਿੱਚੋਂ ਕੁਝ ਲੋਕ ਕੁੰਜੀ ਲੈ ਆਏ! ਜੋ ਕੁੰਜੀ ਲੈ ਕੇ ਆਏ ਉਹ ਇਸ ਜਾਲ ਵਿਚ ਨਹੀਂ ਸੀ ਫਸਣਾ ਚਾਹੁੰਦੇ, ਅਸੀਂ ਕਿਹਾ, "ਸਾਡੇ ਕੋਲ ਕੁੰਜੀ ਹੈ।" ਉਹ ਕੁੰਜੀ ਹੈ ਇਸ ਸਥੂਲ ਸੰਸਾਰ ਦੇ ਅਨੁਭਵਾਂ ਦੇ ਦੌਰਾਨ ਇਕ ਪਰਮ ਸੰਤ ਸਤਿਗੁਰੂ ਦਾ ਸਾਡੀ ਜਿੰਦਗੀ ਵਿੱਚ ਆਉਣਾ । ਇਹ ਸੀ ਕੁੰਜੀ।

ਪਰਮ ਸੰਤ ਸਤਿਗੁਰੂ ਆਇਆ, ਪਿਆਰ ਵਿਕਸਤ ਕੀਤਾ ਅਤੇ ਅਸੀਂ ਉਸ ਦੀ ਸਿੱਖਿਆ ਨਾਲੋਂ ਉਸਦੇ ਪਿਆਰ ਤੋਂ ਜਿਆਦਾ ਖਿੱਚੇ ਗਏ . ਪਹਿਲਾਂ ਅਸੀਂ ਸੋਚਿਆ ਸੀ ਕਿ ਇਹ ਖਿੱਚ ਉਸਦੀ ਸਿੱਖਿਆ ਕਰਕੇ ਸੀ ਕਿਉਂਕਿ ਸਿੱਖਿਆ ਸਾਡੇ ਮਨ ਨੂੰ ਸੰਬੋਧਿਤ ਕਰਦੀ ਸੀ . ਸਾਰੀਆਂ ਸਿੱਖਿਆਵਾਂ ਮਨ ਨੂੰ ਸੰਬੋਧਿਤ ਕਰਦਿਆਂ ਹਨ. ਅਸੀਂ ਸੋਚਿਆ ਕਿ ਸਿੱਖਿਆ ਵਧੀਆ ਸੀ, ਬਹੁਤ ਹੀ ਸੰਪੂਰਨ ਅਤੇ ਬਹੁਤ ਚੰਗੀ. ਮਨ ਉਸ ਵੱਲ ਖਿੱਚਿਆ ਗਿਆ. ਇਸ ਲਈ ਮਨ ਦੁਨੀਆਂ ਦੀਆਂ ਭਟਕਨਾਵਾਂ ਤੋਂ ਥੋੜ੍ਹਾ ਜੇਹਾ ਹਟ ਕੇ ਸਿੱਖਿਆਂ ਦੇ ਪਿੱਛੇ ਲਗ ਗਿਆ ਅਤੇ ਫਿਰ ਅਸੀਂ ਇਹ ਮਹਿਸੂਸ ਕੀਤਾ ਕਿ ਇਨ੍ਹਾਂ ਸਿੱਖਿਆਵਾਂ ਦੇ ਪਿੱਛੇ ਕੁਝ ਹੋਰ ਵੀ ਚੱਲ ਰਿਹਾ ਸੀ . ਅਤੇ ਫਿਰ ਹੌਲੀ ਹੌਲੀ ਹੌਲੀ ਸਾਨੂੰ ਪਤਾ ਲੱਗਾ ਕਿ ਇਹ ਉਹ ਸਿੱਖਿਆ ਨਹੀਂ ਸੀ ਜੋ ਸਾਨੂੰ ਖਿੱਚ ਰਹੀ ਸੀ – ਉਹ ਪਿਆਰ ਸੀ, ਮੁਰਸ਼ਦ ਦਾ ਬੇ ਸ਼ਰਤ ਸ਼ੁੱਧ ਆਤਮਿਕ ਪਿਆਰ. ਇਸ ਤੋਂ ਪਹਿਲਾਂ ਅਸੀਂ ਕਦੇ ਵੀ ਇਸ ਤਰ੍ਹਾਂ ਮਹਿਸੂਸ ਨਹੀਂ ਸੀ ਕੀਤਾ. ਇਕੱਲੇ ਪਿਆਰ ਨੇ ਸਾਨੂੰ ਵਾਪਸ ਖਿੱਚ ਲਿਆ. ਹੁਣ ਪਿਆਰ ਸਾਨੂੰ ਮਨ ਤੋਂ ਪਰੇ ਕਿਵੇਂ ਖਿੱਚ ਸਕਦਾ ਹੈ? ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ.

ਮਨ ਦੇ ਆਪਣੇ ਕਾਰਜ ਹੁੰਦੇ ਹਨ। ਇਹ ਆਤਮਾ ਮਨ ਜਾਂ ਕਿਸੇ ਹੋਰ ਚੀਜ਼ ਦੀ ਵਰਤੋਂ ਕੀਤੇ ਬਿਨਾਂ ਕੁਝ ਕਾਰਜਾਂ ਨੂੰ ਖੁਦ ਹੀ ਕਰ ਸਕਦੀ ਹੈ। ਮਨ ਇੰਦਰੀਆਂ ਦਾ ਉਪਯੋਗ ਕਰਦਾ ਹੈ , ਜਿਸਦਾ ਮਤਲਬ ਹੈ ਗਿਆਨ ਇੰਦਰੀਆਂ ਦੇ ਭਾਵਾਂ ਜਿਵੇਂ ਕੀ ਦੇਖਣ, ਛੋਹਣ, ਚੱਖਣ, ਸੁੰਘਣ ਦੇ ਭਾਵਾਂ ਨੂੰ ਸਮਝਣਾ । ਇਹ ਮਨ ਇਨ੍ਹਾਂ ਗਿਆਨ ਇੰਦਰੀਆਂ ਨੂੰ ਮਹਿਸੂਸ ਕਰਦਾ ਹੈ ਅਤੇ ਫਿਰ ਇਨ੍ਹਾਂ ਦਾ ਕੁਝ ਮਤਲਬ ਬਣਾਉਂਦਾ ਹੈ। ਜੇ ਤੁਸੀਂ ਇੱਥੇ ਇਹ ਪੀਲੇ ਰੰਗ ਨੂੰ ਦੇਖ ਹੋ ਤਾਂ ਇਹ ਉਦੋਂ ਤੱਕ ਫੁੱਲ ਨਹੀਂ ਬਣਦਾ ਜਦੋਂ ਤੱਕ ਮਨ ਇਸ ਨੂੰ ਫੁੱਲ ਦਾ ਰੂਪ ਨਹੀਂ ਦਿੰਦਾ। ਇੱਕ ਦਿਸਣ ਦੀ ਧਾਰਨਾ ਹੋਣ ਦੇ ਨਾਤੇ, ਇਹ ਫੁੱਲ ਮੇਜ਼ ਉੱਤੇ ਪਏ ਕੁਝ ਖਾਸ ਆਕਾਰ ਵਿੱਚ ਸਿਰਫ ਪੀਲੇ ਰੰਗ ਦੇ ਧੱਬੇ ਹਨ। ਉਹ ਫੁੱਲ ਕਿਵੇਂ ਬਨਦੇ ਹਨ? ਮਨ ਉਹਨਾਂ ਨੂੰ ਫੁੱਲ ਬਣਾਉਂਦਾ ਹੈ। ਇਹ ਸਾਡੇ ਦ੍ਰਿਸ਼ਟੀਕੋਣਾਂ ਅਤੇ ਹੋਰ ਧਾਰਨਾਵਾਂ ਨੂੰ ਅਰਥ ਦਿੰਦਾ ਹੈ, ਇਹ ਗਿਆਨ ਇੰਦਰੀਆਂ ਨੂੰ ਮਤਲਬ ਦੇਂਦਾ ਹੈ। ਇਹ ਉਨ੍ਹਾਂ ਨੂੰ ਅਰਥਪੂਰਣ ਚੀਜ਼ਾਂ ਵਿੱਚ ਤਬਦੀਲ ਕਰਦਾ ਹੈ, ਅਤੇ ਉਹ ਸਾਡੇ ਵਿਚਾਰਾਂ ਲਈ ਅਰਥਪੂਰਣ ਚੀਜ਼ਾਂ ਬਣ ਜਾਂਦੀਆਂ ਹਨ। ਫਿਰ ਅਸੀਂ ਇਨ੍ਹਾਂ ਸਾਰੀਆਂ ਚੀਜ਼ਾਂ ਬਾਰੇ ਸੋਚ ਸਕਦੇ ਹਾਂ ਜਿਨਾਂ ਨੂੰ ਮਨ ਮਹਿਸੂਸ ਕਰਦਾ ਹੈ ।

ਇਕ ਹੋਰ ਚੀਜ਼ ਜੋ ਇਹ ਮਨ ਲਗਾਤਾਰ ਕਰਦਾ ਰਹਿੰਦਾ ਹੈ ਉਹ ਹੈ ਸੋਚ। ਇਹ ਸ਼ਬਦਾਂ ਵਿੱਚ ਸੋਚ ਸਕਦਾ ਹੈ। ਇਹ ਜ਼ਿਆਦਾਤਰ ਸ਼ਬਦਾਂ ਵਿੱਚ ਸੋਚਦਾ ਹੈ ਅਤੇ ਕਈ ਵਾਰ ਚਿੱਤਰਾਂ ਵਿੱਚ ਵੀ ਸੋਚਦਾ ਹੈ। ਪਰ ਇਹ ਹਰ ਸਮੇਂ ਸੋਚਦਾ ਰਹਿੰਦਾ ਹੈ। ਮਨ ਦੀ ਸੋਚਣੀ ਇੰਨੀ ਮਹੱਤਵਪੂਰਨ ਹੈ ਕਿ ਇਹ ਸਥੂਲ ਸਰੀਰ ਦੇ ਦਿਲ ਦੀ ਧੜਕਣ ਵਰਗੀ ਹੈ। ਜੇ ਦਿਲ ਦੀ ਧੜਕਣ ਰੁਕ ਜਾਂਦੀ ਹੈ, ਤਾਂ ਸਥੂਲ ਸ਼ਰੀਰ ਕੰਮ ਕਰਨਾ ਬੰਦ ਕਰ ਦਿੰਦਾ ਹੈ। ਇਸੇ ਤਰ੍ਹਾਂ, ਜੇ ਮਨ ਦੀ ਸੋਚਣੀ ਰੁੱਕ ਜਾਂਦੀ ਹੈ ਤਾਂ ਮਨ ਰੁਕ ਜਾਂਦਾ ਹੈ ਅਤੇ ਜੇ ਮਨ ਰੁਕ ਜਾਵੇ ਤਾਂ ਉਸ ਤੋਂ ਥੱਲੇ ਸਭ ਕੁਝ ਰੁਕ ਜਾਂਦਾ ਹੈ। ਇਸ ਲਈ, ਮਨ ਲਗਾਤਾਰ ਸੋਚਦਾ ਰਹਿੰਦਾ ਹੈ। ਇਹ ਕਿਸ ਬਾਰੇ ਸੋਚਦਾ ਹੈ ? ਇਹ ਉਨ੍ਹਾਂ ਧਾਰਨਾਵਾਂ ਬਾਰੇ ਸੋਚਦਾ ਰਹਿੰਦਾ ਹੈ ਜਿਨ੍ਹਾਂ ਨੂੰ ਇਹ ਗਿਆਨ ਇੰਦਰੀਆਂ ਰਾਹੀਂ ਮਹਿਸੂਸ ਕਰਦਾ ਹੈ ਅਤੇ ਫਿਰ ਉਸਦਾ ਮਤਲੱਬ ਕਢਦਾ ਹੈ

ਮਨ ਦਾ ਤੀਜਾ ਕੰਮ ਹੈ ਤਰਕ ਇਸਤੇਮਾਲ ਕਰ ਕੇ ਨਤੀਜੇ ਕੱਢਣਾ। ਤਰਕ ਤੀਜਾ ਕੰਮ ਹੈ। "ਕਿਉਂਕਿ ਇਹ ਇਸ ਕਰਕੇ ਹੋਇਆ, ਹੁਣ ਇਸ ਦਾ ਨਤੀਜਾ ਇਹ ਹੈ।" ਮਨ deductive logic ਜਾਂ ਲਾਜ਼ਮੀ ਤਰਕ ਅਤੇ inductive logic ਜਾਂ ਪ੍ਰਗਟਾਵਰ ਤਰਕ ਕਰਦਾ ਹੈ। ਲਾਜ਼ਮੀ ਤਰਕ ਦਾ ਮਤਲੱਬ ਹੈ ਹੈ ਕਿ ਜਿਵੇਂ ਕਿਹਾ ਜਾਵੇ, “ਇਹ ਇਕ ਪੀਲਾ ਫੁੱਲ ਹੈ। ਇਸਦੇ ਪਿੱਛੇ ਵਾਲਾ ਫੁੱਲ ਵੀ ਜਰੂਰ ਪੀਲਾ ਹੋਵੇਗਾ, ਪੀਲਾ ਹੈ। ਸਾਰੇ ਫੁੱਲ ਪੀਲੇ ਹਨ । ਇਹ ਲਾਜ਼ਮੀ ਤਰਕ ਹੈ।

ਮਨ inductive logic ਜਾਂ ਪ੍ਰਗਟਾਵਰ ਤਰਕ ਵੀ ਕਰਦਾ ਹੈ. ਉਹ ਕੰਧ ਚਿੱਟੀ ਹੈ, ਭਾਵੇਂ ਮੈਂ ਬਹੁਤ ਦੂਰ ਤਕ ਨਹੀਂ ਦੇਖ ਸਕਦਾ, ਪਰ ਬਾਕੀ ਦੀ ਵੀ ਜਰੂਰ ਚਿੱਟੀ ਹੋਣੀ ਹੈ. ਇਹ ਪ੍ਰਗਟਾਵਰ ਤਰਕ ਹੈ. ਪ੍ਰਗਟਾਵਰ ਤਰਕ ਵਿਚ ਅਨਿਸ਼ਚਿਤਤਾ ਹੁੰਦੀ ਹੈ. ਤੁਸੀਂ ਕਦੇ ਵੀ ਨਿਸ਼ਚਤ ਨਹੀਂ ਹੁੰਦੇ. ਲਾਜ਼ਮੀ ਤਰਕ ਸਾਨੂੰ ਕੋਈ ਨਵੀਂ ਜਾਣਕਾਰੀ ਨਹੀਂ ਦਿੰਦਾ ਹੈ. ਇਸ ਲਈ ਅਸੀਂ ਇੱਕ ਹੀ ਜਾਣਕਾਰੀ ਨੂੰ ਵਾਰ-ਵਾਰ ਦੋਹਰਾਂਦੇ ਹਾਂ. ਇਹ ਹੁੰਦਾ ਹੈ ਮਨ ਦਾ ਇੱਕ ਕੰਮ ਅਤੇ ਇਹ ਸਾਨੂੰ ਇਨ੍ਹਾਂ ਵਿਚ ਵਿਅਸਤ ਰਖਦਾ ਹੈ.

ਮਨ ਦੇ ਇਹ ਤਿੰਨੇ ਕਾਰਜ ਸਮੇਂ ਅਤੇ ਸਪੇਸ ਵਿਚ ਹੁੰਦੇ ਹਨ। ਤੁਸੀਂ ਬਿਨਾਂ ਸਮੇਂ ਦੇ ਕੁਝ ਵੀ ਨਹੀਂ ਸੋਚ ਸਕਦੇ, ਕੋਈ ਛੋਟਾ ਜਿਹਾ ਵਿਚਾਰ ਵੀ ਨਹੀਂ ਕਰ ਸਕਦੇ। ਤੁਸੀਂ ਸਮੇਂ ਅਤੇ ਸਥਾਨ ਦੇ ਬਿਨਾਂ ਕੋਈ ਤਸਵੀਰ ਨਹੀਂ ਬਣਾ ਸਕਦੇ। ਇੰਦਰੀਆਂ ਤੋਂ ਇਲਾਵਾ ਤੁਸੀਂ ਕੋਈ ਤਰਕ ਦੇ ਕੇ ਨਤੀਜਾ ਨਹੀਂ ਕਢ ਸਕਦੇ। ਇੰਦਰੀਆਂ ਦੇ ਇਹ ਕਾਰਜ ਸਮੇ ਅਤੇ ਸਪੇਸ ਵਿਚ ਹੁੰਦੇ ਹਨ। ਮਨ ਦਾ ਸਾਰਾ ਕਾਰਜ

ਸਮੇ , ਸਪੇਸ ਅਤੇ ਕਾਰਨ ਅਤੇ ਪ੍ਰਭਾਵ ਜਾਂ cause and effect ਤੱਕ ਸੀਮਤ ਹੁੰਦਾ ਹੈ। ਇਹ ਉਸ ਤੋਂ ਪਰੇ ਨਹੀਂ ਜਾਂਦਾ।

ਕੁਝ ਅਜਿਹਾ ਵੀ ਹੁੰਦਾ ਹੈ ਜੋ ਇਹਨਾਂ ਤਿੰਨਾਂ ਤੋਂ ਪਰੇ ਵਾਪਰਦਾ ਹੈ, ਅਤੇ ਜੋ ਸਾਡੀ ਆਤਮਾ, ਸਿੱਧਾ ਸਾਡੀ ਰੂਹ ਵਿੱਚ ਵਾਪਰਦਾ ਹੈ। ਇਨ੍ਹਾਂ ਵਿਚੋਂ ਇਕ ਹੈ ਪਿਆਰ। ਪਿਆਰ ਸੋਚ ਕੇ ਨਹੀਂ ਆਉਂਦਾ। ਪਿਆਰ ਸਿੱਧੇ ਹੀ ਆਤਮਾ ਤੋਂ ਆਉਂਦਾ ਹੈ। ਇਹ ਹਰ ਸਮੇਂ ਆਉਂਦਾ ਹੈ। ਇਹ ਆਪਣੇ ਆਪ ਆਉਂਦਾ ਹੈ। ਮਨ ਇਸ ਨੂੰ ਠੁਕਰਾ ਦਿੰਦਾ ਹੈ, ਇਸ ਨੂੰ ਮਾਰ ਦਿੰਦਾ ਹੈ ! ਮਨ ਪਿਆਰ ਨੂੰ ਮਾਰਦਾ ਹੈ , ਇਸਨੂੰ ਬਣਾਉਂਦਾ ਨਹੀਂ । ਤੁਸੀਂ ਸੋਚ ਕੇ ਕਹਿ ਸਕਦੇ ਹੋ , "ਕੀ ਇਹ ਭਾਵਨਾ ਅਸਲੀ ਹੈ ਜਾਂ ਨਕਲੀ ?" ਪਰ ਇਹ ਪਿਆਰ ਦੀ ਭਾਵਨਾ ਮਨ ਵਿਚੋਂ ਬਿਲਕੁਲ ਨਹੀਂ ਆ ਰਹੀ ਹੁੰਦੀ। ਇਹ ਸਿੱਧਾ ਆਤਮਾਂ ਤੋਂ ਆ ਰਹੀ ਹੁੰਦੀ ਹੈ। ਸੁੰਦਰਤਾ। ਅਸੀਂ ਇਨ੍ਹਾਂ ਫੁੱਲਾਂ ਨੂੰ ਦੇਖ ਸਕਦੇ ਹਾਂ। ਮਨ ਕਹਿ ਸਕਦਾ ਹੈ ਕਿ ਇਹ ਫੁੱਲ ਹੈ ਪਰ ਮਨ ਇਹ ਨਹੀਂ ਕਹਿ ਸਕਦਾ ਹੈ ਕਿ ਉਹ ਸੁੰਦਰ ਫੁੱਲ ਹੈ, ਜਿੰਨਾਂ ਚਿਰ ਰੂਹ ਨਹੀਂ ਕਹਿੰਦੀ ਕਿ ਇਹ ਸੁੰਦਰ ਫੁੱਲ ਹਨ । ਕੁਝ ਅਜਿਹੇ ਕਾਰਜ ਹੁੰਦੇ ਹਨ ਜਿਹੜੇ ਸਿਰਫ਼ ਰੂਹਾਨੀ ਹੁੰਦੇ ਹਨ। ਸੁੰਦਰਤਾ ਨੂੰ ਦੇਖ ਸਕਣਾ ਉਨ੍ਹਾਂ ਵਿਚੋਂ ਇੱਕ ਹੈ। ਇਸ ਲਈ ਤੁਹਾਨੂੰ ਸਮੇਂ ਅਤੇ space ਦੀ ਜ਼ਰੂਰਤ ਨਹੀਂ ਹੁੰਦੀ । ਆਪਣੇ ਆਪ ਵਿੱਚ ਸੁੰਦਰਤਾ ਇੱਕ ਰੂਹਾਨੀ ਕਾਰਜ ਹੈ। ਪਿਆਰ ਇੱਕ ਰੂਹਾਨੀ ਕਾਰਜ ਹੈ। ਜਦੋਂ ਤੁਸੀਂ ਕਿਸੇ ਪ੍ਰਤੀ ਪਿਆਰ ਮਹਿਸੂਸ ਕਰਦੇ ਹੋ, ਤਾਂ ਇਹ ਨਹੀਂ ਕਹਿੰਦੇ, "ਇਹ ਪਿਆਰ ਮਹਿਸੂਸ ਕਰਨ ਲਈ ਮੈਨੂੰ ਤਿੰਨ ਮਿੰਟ ਜਾਂ ਤਿੰਨ ਸਕਿੰਟ ਲੱਗ ਗਏ।" ਪਿਆਰ ਤੁਰੰਤ ਹੁੰਦਾ ਹੈ। ਇਸ ਨੂੰ ਸਮੇਂ ਅਤੇ space ਦੀ ਲੋੜ ਨਹੀਂ ਹੁੰਦੀ । ਸੁੰਦਰਤਾ ਸਮਾਂ ਅਤੇ ਸਪੇਸ ਨਹੀਂ ਲੈਂਦੀ। intuition ਜਾਂ ਅੰਤਰ ਆਤਮਾਂ ਦੀ ਆਵਾਜ਼ ਨੂੰ ਸਮੇਂ ਅਤੇ ਸਪੇਸ ਦੀ ਲੋੜ ਨਹੀਂ ਹੁੰਦੀ। ਇਹ ਮਾਨਸਿਕ ਕਾਰਜ ਨਹੀਂ ਹੈ। ਇਹ ਇੱਕ ਰੂਹਾਨੀ ਕਾਰਜ ਹੈ। ਇਸ ਤਰ੍ਹਾਂ ਜਿਵੇਂ ਮਨ ਦੇ ਤਿੰਨ ਕਾਰਜ ਹੁੰਦੇ ਹਨ, ਤਿਵੇਂ ਹੀ ਰੂਹ ਦੇ ਵੀ ਤਿੰਨ ਵੱਖੋ ਵੱਖਰੇ ਕਾਰਜ ਹੁੰਦੇ ਹਨ।

ਜਦੋਂ ਮੈਂ ਇਸ ਦੇਸ਼ ਵਿੱਚ ਆਇਆ ਤਾਂ ਦੇਖਿਆ ਕਿ ਲੋਕ ਮਨ ਅਤੇ ਆਤਮਾ ਨੂੰ ਰਲਾ ਕੇ ਗੱਲ ਕਰਦੇ ਸਨ। ਉਹ ਜਿਕਰ ਕਰਿਆ ਕਰਦੇ ਸਨ ਕਿ ਇਹ ਜੋ ਵੀ ਚੇਤਨ ਚੀਜ ਹੈ, ਮਨ/ਆਤਮਾ ਤੁਸੀਂ ਜੋ ਵੀ ਕਹਿ ਲਵੋ । ਮੈਂ ਉਨ੍ਹਾਂ ਨੂੰ ਕਹਿੰਦਾ "ਤੁਸੀਂ ਮਨ ਅਤੇ ਆਤਮਾਂ ਨੂੰ ਕਿਵੇਂ ਰਲਾ ਸਕਦੇ ਹੋ - ਉਹ ਬਹੁਤ ਵੱਖਰੇ ਹਨ। ਇੱਕ ਸਮੇਂ ਵਿੱਚ ਕੰਮ ਕਰਦਾ ਹੈ; ਦੂਜਾ ਨਹੀਂ। ਇੱਕ ਵੱਡੀਆਂ ਸੀਮਾਵਾਂ ਅੰਦਰ ਕੰਮ ਕਰਦਾ ਹੈ; ਦੂਜਾ ਸੀਮਾਵਾਂ ਤੋਂ ਰਹਿਤ ਹੈ। ਤੁਸੀਂ ਉਨ੍ਹਾਂ ਨੂੰ ਕਿਵੇਂ ਰਲਾ ਸਕਦੇ ਹੋ?" ਪਰ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ ਬਲਕਿ ਸਾਨੂੰ ਵੀ ਨਹੀਂ ਹੈ। ਅਸੀਂ ਆਪਣੇ ਆਪ ਨੂੰ ਮਨ ਸਮਜਦੇ ਹਾਂ। ਅਸੀਂ ਭੁੱਲ ਚੁਕੇ ਹਾਂ ਕਿ ਅਸੀਂ ਆਤਮਾ ਹਾਂ, ਅਤੇ ਇਹ ਆਤਮਾ ਸਭ ਕੰਮਕਾਜ ਕਰ ਰਹੀ ਹੈ। ਇਹ ਹਰ ਸਮੇਂ ਕੰਮ ਕਰ ਰਹੀ ਹੁੰਦੀ ਹੈ। ਇਹ ਸਿਰਫ ਉਦੋਂ ਨਹੀਂ ਕੰਮ ਕਰਦੀ ਜਦੋਂ ਤੁਸੀਂ ਚੇਤਨਾ ਦੇ ਉੱਚੇਰੇ ਪੱਧਰ ਤੇ ਪਹੁੰਚ ਜਾਂਦੇ ਹੋ। ਇਹ ਹੁਣ ਵੀ ਕੰਮ ਕਰ ਰਹੀ ਹੈ। ਇਹ ਸਥੂਲ ਸਰੀਰ ਵਿਚ ਕੰਮ ਕਰ ਰਹੀ ਹੁੰਦੀ ਹੈ। ਤੁਹਾਨੂੰ ਹਰ ਰੋਹ ਇਥੇ ਇਸ ਪਿਆਰ ਦਾ ਅਨੁਭਵ ਹੁੰਦਾ ਹੈ, ਤੁਹਾਨੂੰ ਸਹਿਜ ਗਿਆਨ ਜਾਂ intuition ਦਾ ਅਨੁਭਵ ਹੁੰਦਾ ਹੈ, ਤੁਹਾਨੂੰ ਸੁੰਦਰਤਾ ਦਾ ਅਨੁਭਵ ਹੁੰਦਾ ਹੈ। ਤੁਹਾਨੂੰ ਰੋਜਾਨਾ ਹੋਰ ਵੀ ਅਨੁਭਵ ਹੁੰਦੇ ਹਨ ਜਿਵੇਂ ਤਰਕ-ਵਿਤਰਕ, ਸੋਚਣ-ਸਮਝਣ ਦੇ ਅਨੁਭਵ । ਤੁਸੀਂ ਰੋਜਾਨਾ ਇਹ ਚੀਜ਼ਾਂ ਉਨ੍ਹਾਂ ਮਸ਼ੀਨਾਂ ਰਾਹੀਂ ਕਰਦੇ ਹੋ ਜੋ ਸਾਡੀ ਚੇਤਨਾ ਵਿੱਚ ਸਥਾਪਤ ਹਨ। ਪਰ ਜਦ ਤੁਸੀਂ ਆਤਮਾ ਤੋਂ ਕੰਮ ਕਰਦੇ ਹੋ, ਤਾਂ ਪਿਆਰ ਉਹਨਾਂ ਚੀਜ਼ਾਂ ਵਿੱਚੋਂ ਇੱਕ ਹੁੰਦਾ ਹੈ ਜੋ ਸਿੱਧੇ ਹੀ ਆਤਮਾ ਤੋਂ ਆਉਂਦਾ ਹੈ।

ਇੱਕ ਪਰਮ ਸੰਤ ਸਤਿਗੁਰੂ ਆਤਮਾਂ ਤੋਂ ਕਾਰਜਸ਼ੀਲ ਹੋ ਰਿਹਾ ਹੁੰਦਾ ਹੈ। ਉਸ ਦਾ ਸਾਨੂੰ ਘਰ ਵਾਪਸ ਲਿਜਾਉਣ ਦਾ ਮੁੱਖ ਤਰੀਕਾ ਸਿੱਖਿਆ ਨਹੀਂ ਹੈ ਬਲਕਿ ਪਿਆਰ ਹੁੰਦਾ ਹੈ। ਉਹ ਤੁਹਾਨੂੰ ਆਪਣੇ ਪ੍ਰੇਮ ਨਾਲ ਖਿੱਚੇਗਾ। ਆਖ਼ਰਕਾਰ ਤੁਸੀਂ ਇਹ ਮਹਿਸੂਸ ਕਰੋਗੇ ਕਿ ਜੋ ਤੁਹਾਨੂੰ ਮਨ ਤੋਂ ਪਰੇ ਖਿੱਚ ਰਿਹਾ ਹੈ ਉਹ ਉਸ ਮੁਰਸ਼ਿਦ ਦਾ ਪਿਆਰ ਹੈ, ਅਜਿਹਾ ਪਿਆਰ ਜੋ ਤੁਸੀਂ ਪਹਿਲਾਂ ਕਦੇ ਵੀ ਨਹੀਂ ਸੀ ਅਨੁਭਵ ਕੀਤਾ ਕਿਉਂਕਿ ਉਹ ਸ਼ੁੱਧ, ਰੂਹਾਨੀ ਅਤੇ ਬਹੁਤ ਸ਼ਕਤੀਸ਼ਾਲੀ ਹੁੰਦਾ ਹੈ । ਇਸੇ ਤਰਾਂ ਹੈ ਹੁੰਦਾ ਹੈ । ਪਰ ਅਸੀਂ ਆਪਣੀ ਮਾਨਸਿਕ ਸ਼ਕਤੀ ਦੀ ਵਰਤੋਂ ਕਰਦੇ ਹੋਏ ਉਸ ਨੂੰ ਸਮਝਣ ਵਿਚ ਰੁਝੇ ਰਹਿੰਦੇ ਹਾਂ ਕਿ ਉਹ ਕੀ ਕਹਿ ਰਿਹਾ ਹੈ। ਉਹ ਤੁਹਾਨੂੰ ਸਿਖਿਆ ਦੇਵੇਗਾ । ਕੇਵਲ ਸਿਖਿਆ ਹੀ ਨਹੀਂ, ਉਹ ਤੁਹਾਨੂੰ ਸੰਘਰਸ਼ ਵੀ ਦੇਵੇਗਾ। ਕਿਉਂ? ਕਿਉਂਕਿ ਸਦੀਆਂ ਤੋਂ ਸਾਨੂੰ ਸਿਖਾਇਆ ਗਿਆ ਹੈ ਕਿ ਸੰਘਰਸ਼ ਕੀਤੇ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਸਾਨੂੰ ਇਹ ਸਿਖਲਾਈ ਦਿੱਤੀ ਗਈ ਹੈ। ਸਾਡੇ ਮਨ ਨੂੰ ਸਿਖਲਾਈ ਦਿੱਤੀ ਗਈ ਹੈ। ਤੁਹਾਨੂੰ ਕੋਈ ਵੀ ਚੀਜ਼ ਉਸਦੇ ਲਈ ਕੰਮ ਕੀਤੇ ਬਗੈਰ ਨਹੀਂ ਮਿਲਦੀ। ਸਾਨੂੰ ਉਸ ਲਈ ਸੰਘਰਸ਼ ਕਰਨਾ ਹੀ ਪਵੇਗਾ। ਠੀਕ ਹੈ, ਸੰਘਰਸ਼ ਕਰੋ। ਹੋਰ ਅਭਿਆਸ ਕਰੋ । ਸਖ਼ਤ ਮਿਹਨਤ ਕਰੋ। ਇਹ ਸਭ ਕੁਝ ਕਰੋ। ਅਤੇ ਅਸੀਂ ਇਸ ਇਹ ਸਭ ਉਦੋਂ ਤੱਕ ਕਰਦੇ ਹਾਂ ਜਦੋਂ ਤੱਕ ਅਸੀਂ ਥੱਕ ਨਹੀਂ ਜਾਂਦੇ। ਉਦੋਂ ਸਾਨੂੰ ਪਤਾ ਲੱਗਦਾ ਹੈ ਕਿ ਇਹ ਤਰੀਕਾ ਨਹੀਂ ਸੀ। ਅਸੀਂ ਕੀ ਕਰ ਰਹੇ ਸੀ? ਪਰ ਜਦੋਂ ਤੱਕ ਅਸੀਂ ਇਹ ਨਿਜੀ ਅਨੁਭਵ ਨਹੀਂ ਲੈ ਲੈਂਦੇ, ਅਸੀਂ ਸਮਜਦੇ ਹਾਂ ਕਿ ਸਾਨੂੰ ਕੁਝ ਵੀ ਪ੍ਰਾਪਤ ਕਰਨ ਲਈ ਸਖਤ ਮਿਹਨਤ ਕਰਨੀ ਪੈਂਦੀ ਹੈ।

ਵੱਡੇ ਮਹਾਰਾਜ ਦਾ ਇਕ ਬਹੁਤ ਹੀ ਵਧੀਆ ਅਨੁਯਾਈ ਸੀ . ਉਹ ਭਾਰਤ ਦੇ ਕਿਸੇ ਪ੍ਰਦੇਸ਼ ਦੇ ਇੱਕ ਜੱਜ ਰਹੇ ਸਨ. ਉਹ ਉਸ ਪ੍ਰਦੇਸ਼ ਦੇ ਵਿੱਤ ਮੰਤਰੀ ਵੀ ਸਨ ਅਤੇ ਉਹ ਇਕ ਬਹੁਤ ਹੀ ਸੁੰਦਰ ਵਿਅਕਤੀ ਸਨ. ਉਹ ਰਿਟਾਇਰ ਹੋ ਗਏ. ਨਾਮ ਦਾਨ ਮਿਲਣ ਤੋਂ ਬਾਅਦ ਉਹ ਰਿਟਾਇਰ ਹੋ ਗਏ ਅਤੇ ਵੱਡੇ ਮਹਾਰਾਜ ਕੋਲ ਆਏ. ਉਨ੍ਹਾਂ ਨੇ ਕਿਹਾ, "ਸਤਿਗੁਰ , ਮੈਨੂੰ ਕੋਈ ਸੇਵਾ ਦਿਓ. ਮੈਂ ਉਹ ਤੁਹਾਡੇ ਲਈ ਕਰਾਂਗਾ. ਵੱਡੇ ਮਹਾਰਾਜ ਨੇ ਉੱਤਰ ਦਿੱਤਾ, "ਤੁਸੀਂ ਇੱਕ ਜੱਜ ਰਹੇ ਹੋ. ਤੁਸੀਂ ਇੱਕ ਵਕੀਲ ਰਹੇ ਹੋ. ਤੁਸੀਂ ਬਹੁਤ ਉਚ

ਪਦਵੀਆਂ ਤੇ ਰਹੇ ਹੋ. ਤੁਸੀਂ ਬਹੁਤ ਕੁਝ ਕਰ ਸਕਦੇ ਹੋ." ਉਨ੍ਹਾਂ ਨੇ ਕਿਹਾ," ਨਹੀਂ, ਜੇ ਤੁਸੀਂ ਬੁਰਾ ਨਾ ਮੰਨੋ ਤਾਂ ਕੀ ਮੈਂ ਕਿਸੇ ਖਾਸ ਕੰਮ ਦੀ ਮੰਗ ਕਰ ਸਕਦਾ ਹਾਂ?" ਵੱਡੇ ਮਹਾਰਾਜ ਨੇ ਕਿਹਾ," ਠੀਕ ਹੈ, ਤੁਸੀਂ ਕੀ ਚਾਹੁੰਦੇ ਹੋ? " " ਮੈਂ ਤੁਹਾਡਾ ਦਰਬਾਨ ਬਣਨਾ ਚਾਹੁੰਦਾ ਹਾਂ. " ਵੱਡੇ ਮਹਾਰਾਜ ਕਿਸੇ ਹੋਰ ਦੀ ਤਰ੍ਹਾਂ ਬਹੁਤ ਹੈਰਾਨ ਹੋਏ. ਵੱਡੇ ਮਹਾਰਾਜ ਨੇ ਕਿਹਾ, "ਠੀਕ ਹੈ, ਤੁਸੀਂ ਮੇਰੇ ਦਰਬਾਨ ਬਣ ਸਕਦੇ ਹੋ", ਅਤੇ ਉਹ ਸਾਰਾ ਜੀਵਨ ਸੀ ਮਹਾਨ ਮਾਸਟਰ ਦੇ ਲਈ ਦਰਬਾਨ ਬਣ ਕੇ ਰਹੇ, ਉਨ੍ਹਾਂ ਦੇ ਦਰਵਾਜ਼ੇ ਦੇ ਬਾਹਰ ਖੜੇ ਰਹਿੰਦੇ ਅਤੇ ਲੋਕਾਂ ਨੂੰ ਅੰਦਰ ਆਉਣ ਜਾਂ ਬਾਹਰ ਜਾਣ ਦੀ ਆਗਿਆ ਦਿੰਦੇ. ਉਨ੍ਹਾਂ ਨੇ ਇਸ ਕਾਰਜ ਦਾ ਆਨੰਦ ਮਾਣਿਆ. ਉਨ੍ਹਾਂ ਨੇ ਕੁਝ ਕਿਤਾਬਾਂ ਵੀ ਲਿਖੀਆਂ ਜਿੰਨ੍ਹਾਂ ਵਿਚੋਂ ਇਕ ਸੀ "ਧਰਤੀ ਉੱਤੇ ਸਵਰਗ" ਅਤੇ ਇਸ ਤਰਾਂ ਦੀਆਂ ਕਈ ਹੋਰ. ਉਨ੍ਹਾਂ ਨੇ ਉਥੇ ਰਹਿਣ ਦਾ ਪੂਰਾ ਅਨੰਦ ਮਾਣਿਆ. ਉਨ੍ਹਾਂ ਨੇ ਚਿੱਟੀ ਦਾੜ੍ਹੀ ਵਾਲੇ ਮਨੁੱਖ ਦੇ ਪਿਆਰ ਦੀ ਬਹੁਤ ਕਦਰ ਕੀਤੀ ਅਤੇ ਉਨ੍ਹਾਂ ਨੇ ਕਿਹਾ "ਇਹ ਸਭ ਤੋਂ ਵੱਡੀ ਚੀਜ ਹੈ ਜੋ ਮੈ ਪ੍ਰਾਪਤ ਕਰ ਸਕਦਾ ਸੀ ."

ਫਿਰ ਵੀ ਇਕ ਦਿਨ ਉਨ੍ਹਾਂ ਨੂੰ ਇਕ ਵਿਚਾਰ ਆਇਆ। "ਮੈਂ ਇਥੇ ਵੱਡੇ ਮਹਾਰਾਜ ਦੀ ਸੇਵਾ ਵਿਚ ਬਹੁਤ ਖੁਸ਼ ਹਾਂ, ਅਤੇ ਮੈਂ ਇਸਦਾ ਆਨੰਦ ਮਾਣਦਾ ਹਾਂ, ਪਰ ਮੈਂ ਕਦੇ ਵੀ ਸਿਮਰਨ ਅਭਿਆਸ ਨਹੀਂ ਕੀਤਾ। ਇਕ ਬੁਹਤ ਮਹੱਤਵਪੂਰਣ ਚੀਜ਼ ਮੇਰੇ ਤੋਂ ਖੁੰਝ ਗਈ ਹੈ। ਮੈਂ ਆਪਣੇ ਸੱਚੇ ਘਰ ਕਿਵੇਂ ਜਾਵਾਂਗਾ ? ਮੈਂ ਸੱਚ ਖੰਡ ਕਿਵੇਂ ਜਾਵਾਂਗਾ ? ਮੈਂ ਇੱਥੇ ਸਿਰਫ ਚੰਗਾ ਸਮਾਂ ਬਤੀਤ ਕਰ ਰਿਹਾ ਹਾਂ।" ਉਹ ਜਾਣਦੇ ਸਨ ਕਿ ਵੱਡੇ ਮਹਾਰਾਜ ਹਰ ਸਾਲ ਗਰਮੀਆਂ ਵਿਚ ਇਕ ਪਹਾੜੀ ਬਸੇਰੇ ਤੇ ਜਾਂਦੇ ਸਨ। ਭਾਰਤ ਵਿਚ ਗਰਮੀ ਹੁੰਦੀ ਸੀ ਅਤੇ ਇਸ ਲਈ ਵੱਡੇ ਮਹਾਰਾਜ ਗਰਮੀਆਂ ਵਿਚ ਇਕ ਪਹਾੜੀ ਸਟੇਸ਼ਨ ਤੇ ਜਾਇਆ ਕਰਦੇ ਸਨ। ਇਕ ਸਾਲ ਮਹਾਰਾਜ ਨੇ ਫੈਸਲਾ ਕੀਤਾ ਕਿ ਉਹ ਨਹੀਂ ਜਾਣਗੇ। ਉਹ ਮਹਾਰਾਜ ਕੋਲ ਆਏ ਅਤੇ ਕਿਹਾ, "ਮਹਾਰਾਜ ਜੀ, ਮੈਂ ਸੁਣਿਆ ਹੈ ਕਿ ਤੁਸੀਂ ਪਹਾੜਾਂ ਵਿਚ ਛੁੱਟੀਆਂ ਮਨਾਉਣ ਨਹੀਂ ਜਾ ਰਹੇ ਹੋ।" ਹਜ਼ੂਰ ਨੇ ਕਿਹਾ, "ਨਹੀਂ, ਇਸ ਸਾਲ ਮੈਂ ਨਹੀਂ ਜਾ ਰਿਹਾ।" ਉਨ੍ਹਾਂ ਨੇ ਕਿਹਾ," ਕੀ ਤੁਸੀਂ ਮੈਨੂੰ ਆਪਣੇ ਘਰ ਦੀਆਂ ਚਾਬੀਆਂ ਦੇ ਸਕਦੇ ਹੋ, ਮੈਂ ਉਥੇ ਜਾਵਾਂਗਾ ਅਤੇ ਸਿਮਰਨ ਅਭਿਆਸ ਕਰਾਂਗਾ। ਤਿੰਨ ਮਹੀਨੇ ਮੈਂ ਕੇਵਲ ਸਿਮਰਨ ਅਭਿਆਸ ਕਰਾਂਗਾ । ਮੈਂ ਜੋ ਕੁਝ ਮੇਤੋਂ ਖੁੰਜ ਗਿਆ ਹੈ ਉਸ ਨੂੰ ਵਾਪਸ ਹਾਸਿਲ ਕਰ ਲਵਾਂਗਾ। ਮੈਂ ਆਪਣੀ ਜਿੰਦਗੀ ਵਿਚ ਸਿਮਰਨ ਅਭਿਆਸ ਨਹੀਂ ਕਰ ਸਕਿਆ। ਮੈਂ ਤੁਹਾਡੇ ਨਾਲ ਜੀਵਨ ਦਾ ਅਨੰਦ ਮਾਣਿਆ ਹੈ, ਪਰ ਮੈਂ ਸਿਮਰਨ ਅਭਿਆਸ ਤੋਂ ਖੁੰਝਣਾ ਨਹੀਂ ਚਾਹੁੰਦਾ।" ਵੱਡੇ ਮਹਾਰਾਜ ਨੇ ਕਿਹਾ," ਇਹ ਹੈ ਚਾਬੀਆਂ। ਜਾਓ!" ਉਹ ਚਾਬੀਆਂ ਲੈ ਕੇ ਪਹਾੜੀ ਸਟੇਸ਼ਨ ਤੇ ਚਲੇ ਗਏ। ਸੋ ਉਹ ਭਾਰਤ ਵਿੱਚ ਡਲਹੌਜ਼ੀ ਨਾਮ ਦੇ ਪਹਾੜੀ ਖੇਤਰ ਵਿੱਚ ਗਏ ਅਤੇ ਵੱਡੇ ਮਹਾਰਾਜ ਮਾਸਟਰ ਦੇ ਘਰ ਦਾ ਦਰਵਾਜ਼ਾ ਖੋਲ੍ਹਿਆ। ਉਹ ਬੈਠ ਗਏ ਅਤੇ ਆਪਣੇ ਆਪ ਨੂੰ ਕਿਹਾ, "ਇੱਥੇ ਬਹੁਤ ਸ਼ਾਨਦਾਰ ਮਾਹੌਲ ਹੈ ! ਇਥੇ ਵੱਡੇ ਮਹਾਰਾਜ ਦੀਆਂ ਤਰੰਗਾਂ ਹਨ। ਉਹ ਇਥੇ ਆਉਂਦੇ ਅਤੇ ਰਹਿੰਦੇ ਹਨ। ਇਹ ਮੇਰੇ ਜੀਵਨ ਦਾ ਸਭ ਤੋਂ ਵਧੀਆ ਸਿਮਰਨ ਅਭਿਆਸ ਹੋਵੇਗਾ ਅਤੇ ਮੈ ਸਾਰੇ ਗਵਾਚੇ ਸਮੇ ਨੂੰ ਪੂਰਾ ਕਰ ਲਵਾਂਗਾ

ਜਿਵੇਂ ਹੀ ਉਹ ਸਿਮਰਨ ਅਭਿਆਸ ਲਈ ਬੈਠਣ ਲੱਗੇ , ਕਿਸੇ ਨੇ ਦਰਵਾਜ਼ਾ ਖੜਕਾਇਆ। ਉਸ ਵਿਅਕਤੀ ਨੇ ਕਿਹਾ "ਵਾਹ, ਮੈਨੂੰ ਖੁਸ਼ੀ ਹੈ ਕਿ ਇਥੇ ਕੋਈ ਹੈ। ਮੈਂ ਪਲੰਬਰ ਹਾਂ। ਮੈਂ ਕਿਸੇ ਦੇ ਆਉਣ ਦਾ ਇੰਤਜ਼ਾਰ ਕਰ ਰਿਹਾ ਸੀ ਤਾਂ ਕਿ ਮੈਂ ਕੁਝ ਮੁਰੰਮਤ ਕਰ ਸਕਾਂ।" ਸੋ ਮੁਰੰਮਤ ਦੀ ਸ਼ੁਰੂਆਤ ਹੋ ਗਈ। ਅਗਲੇ ਦਿਨ ਇਕ ਹੋਰ ਵਿਅਕਤੀ ਆ ਗਿਆ। ਉਨ੍ਹਾਂ ਨੂੰ ਲੱਗਾ ਕਿ ਉਨ੍ਹਾਂ ਦੇ ਜੀਵਨ ਦੇ ਇਨ੍ਹਾਂ ਤਿੰਨ ਮਹੀਨਿਆਂ ਦੌਰਾਨ ਮਨ ਨੂੰ ਖਿੰਡਾਉਣ ਵਾਲੀਆਂ ਚੀਜਾਂ ਹੋਰ ਸਮਿਆਂ ਦੇ ਮੁਕਾਬਲੇ ਬਹੁਤ ਜਿਆਦਾ ਸਨ । ਉਹ ਬਿਲਕੁਲ ਵੀ ਸਿਮਰਨ ਅਭਿਆਸ ਨਾ ਕਰ ਸਕੇ। ਉਨ੍ਹਾਂ ਨੇ ਬਹੁਤ ਬੁਰਾ ਮਹਿਸੂਸ ਕੀਤਾ । ਉਹ ਵਾਪਸ ਵੱਡੇ ਮਹਾਰਾਜ ਕੋਲ ਆਏ, ਚਾਬੀਆਂ ਵਾਪਸ ਕੀਤੀਆਂ, ਅਤੇ ਕਹਿਣ ਲੱਗੇ, "ਮਹਾਰਾਜ ਜੀ , ਮੈਂ ਫੇਲ੍ਹ ਹੋ ਗਿਆ। ਮੈਂ ਸ਼ਰਮਿੰਦਾ ਹਾਂ। ਮੈਂ ਕੋਸ਼ਿਸ਼ ਕੀਤੀ ਪਰ ਮੈਂ ਅਸਫਲ ਰਿਹਾ।" ਵੱਡੇ ਮਹਾਰਾਜ ਨੇ ਉੱਤਰ ਦਿੱਤਾ, " ਨਹੀਂ, ਤੁਸੀਂ ਫੇਲ ਨਹੀਂ ਹੋਏ। ਤੁਸੀਂ ਕਾਮਯਾਬ ਹੋਏ ਹੋ !" ਉਨ੍ਹਾਂ ਕਿਹਾ, " ਤੁਸੀਂ ਇਹ ਕਿਵੇਂ ਕਹਿ ਰਹੇ ਹੋ , ਮੈਂ ਤਾਂ ਸਿਮਰਨ ਅਭਿਆਸ ਨਹੀਂ ਕਰ ਸਕਿਆ ?" ਵੱਡੇ ਮਹਾਰਾਜ ਨੇ ਕਿਹਾ ਇਸੇ ਕਰਕੇ ਤੂੰ ਕਾਮਯਾਬ ਹੋਇਆ । ਇਹ ਸਿਮਰਨ ਅਭਿਆਸ ਤੁਹਾਨੂੰ ਕੁਝ ਨਹੀਂ ਸੀ ਦੇ ਸਕਦਾ। ਤੁਹਾਨੂੰ ਕਿਹੜੀ ਚੀਜ ਉੱਚੀਆਂ ਮੰਜਲਾਂ ਤੇ ਲਿਜਾਂਦੀ ਹੈ। ਪਿਆਰ ਅਤੇ ਗੁਰਭਕਤੀ ਤੁਹਾਨੂੰ ਉੱਚੀਆਂ ਮੰਜਲਾਂ ਤੇ ਲਿਜਾਂਦੀ ਹੈ। ਸਿਮਰਨ ਅਭਿਆਸ ਕੇਵਲ ਮਨ ਲਈ ਹੁੰਦਾ ਹੈ। ਮਨ ਕੰਮ ਕਰਨਾ ਚਾਹੁੰਦਾ ਹੈ। ਤੁਸੀਂ ਕੋਸ਼ਿਸ਼ ਕੀਤੀ । ਜੇ ਤੁਸੀਂ ਨਾ ਜਾਂਦੇ ਅਤੇ ਅਸਫਲ ਨਾ ਹੁੰਦੇ ਤਾਂ ਤੁਹਾਨੂੰ ਇਸ ਦਾ ਪਤਾ ਨਹੀਂ ਸੀ ਲਗਣਾ। ਤੁਸੀਂ ਫੇਲ ਨਹੀਂ ਹੋਏ। ਤੁਸੀਂ ਸਫ਼ਲ ਹੋ ਗਏ ਹੋ, ਤੁਸੀਂ ਪਾਸ ਗਏ ਹੋ।" ਉਹ ਹੈਰਾਨ ਹੋ ਗਏ ਕਿ ਸੱਚ ਇਹ ਸੀ

ਇਹ ਹੀ ਸੱਚਾਈ ਹੈ ! ਆਤਮਾ ਦੀ ਇਹ ਸ਼ਕਤੀ ਸੁੰਦਰਤਾ, ਸਹਿਜ ਗਿਆਨ ਅਤੇ ਪਿਆਰ ਰਾਹੀਂ ਪ੍ਰਕਟ ਹੁੰਦੀ ਹੈ. ਇਹ ਆਤਮਾ ਦੇ ਕੁਦਰਤੀ ਕਾਰਜ ਹਨ, ਉਹ ਰੂਹ ਜੋ ਸਾਡੇ ਕੋਲ ਹੈ, ਜੋ ਸਾਡੇ ਅੰਦਰ ਹੈ, ਜਿਸਨੇ ਸਾਨੂੰ ਜੀਵਨ ਦਿੱਤਾ ਹੈ ਅਤੇ ਇਹ ਕਾਰਜ ਮਨ ਦੇ ਦੇ ਨਹੀਂ ਹਨ. ਸਤਿਗੁਰੂ ਤੁਹਾਨੂੰ ਇਨ੍ਹਾਂ ਕਾਰਜਾਂ ਰਾਹੀਂ ਖਿੱਚਦਾ ਹੈ. ਉਹ ਤੁਹਾਨੂੰ ਸਹਿਜ ਗਿਆਨ ਦਿੰਦਾ ਹੈ, ਹਮੇਸ਼ਾ ਤਰਕਸ਼ੀਲ ਗਿਆਨ ਹੀ ਨਹੀਂ ਦਿੰਦਾ. ਉਹ ਕਹਿੰਦਾ ਹੈ, "ਕਿਤਾਬਾਂ ਨੂੰ ਪੜ੍ਹੋ, ਅਤੇ ਫਿਰ ਕਿਤਾਬਾਂ ਨੂੰ ਪਰੇ ਸੁੱਟ ਦਿਓ ."

ਇਕ ਆਦਮੀ ਵੱਡੇ ਮਹਾਰਾਜ ਕੋਲ ਆਇਆ। ਉਹ ਅਮਰੀਕਾ ਦੀ ਬਜਾਏ ਕਿਸੇ ਹੋਰ ਦੇਸ਼ ਤੋਂ ਆਇਆ ਸੀ । ਉਸ ਨੇ ਕਿਹਾ, "ਮਹਾਰਾਜ, ਮੈਂ ਸਮਝ ਗਿਆ ਹਾਂ ਕਿ ਤੁਹਾਡਾ ਮਾਰਗ ਕੀ ਹੈ, ਅਤੇ ਮੈਂ ਇਸ ਉੱਤੇ ਸੱਚਮੁੱਚ ਅਮਲ ਕਰਨਾ ਚਾਹੁੰਦਾ ਹਾਂ।" ਵੱਡੇ ਮਹਾਰਾਜ ਨੇ ਕਿਹਾ, "ਤੁਹਾਨੂੰ ਬਹੁਤ ਸਾਰੀਆਂ ਕਿਤਾਬਾਂ ਪੜ੍ਹਨੀਆਂ ਪੈਣਗੀਆਂ। ਲਾਇਬਰੇਰੀ ਜਾਓ ਅਤੇ ਪੜ੍ਹੋ। ਇਹ ਇੱਕ ਬਹੁਤ ਹੀ ਮੁਸ਼ਕਲ ਮਾਰਗ ਹੈ। ਇਸ ਤੇ ਚੱਲਣ ਲਈ ਤੁਹਾਨੂੰ ਹੋਰ ਕਿਤਾਬਾਂ ਪੜ੍ਹਨੀਆਂ ਪੈਣਗੀਆਂ।" ਉਹ ਲਾਇਬਰੇਰੀ ਗਿਆ ਅਤੇ ਕਿਤਾਬਾਂ

ਪੜ੍ਹਨ ਲੱਗ ਪਿਆ। ਉਸ ਨੇ ਕਈ ਮਹੀਨੇ ਪੜ੍ਹਨ ਵਿਚ ਬਿਤਾਏ। ਵਾਪਸ ਆਇਆ ਤਾਂ ਮਹਾਰਾਜ ਨੇ ਕਿਹਾ," ਠੀਕ ਹੈ , ਮੈਂ ਤੈਨੂੰ ਨਾਮ ਦਾਨ ਦੇਵਾਂਗਾਂ , ਤੂੰ ਕਾਫੀ ਪੜ੍ਹ ਲਿਆ ਹੈ।" ਇਕ ਹੋਰ ਆਦਮੀ ਮਹਾਰਾਜ ਕੋਲ ਆਇਆ। ਉਸ ਨੇ ਕਿਹਾ," ਮਹਾਰਾਜ, ਮੈਂ ਸਾਰੀਆਂ ਕਿਤਾਬਾਂ ਪੜ੍ਹੀਆਂ ਹਨ ਅਤੇ ਮੈਂ ਹੋਰ ਪੜ੍ਹਨਾ ਚਾਹੁੰਦਾ ਹਾਂ। ਮੇਰਾ ਖਿਆਲ ਹੈ ਕਿ ਤੁਹਾਡੀ ਲਾਇਬਰੇਰੀ ਵਿਚ ਬਹੁਤ ਕਿਤਾਬਾਂ ਹਨ।" ਉਨ੍ਹਾਂ ਨੇ ਕਿਹਾ," ਪਹਿਲਾਂ, ਜਾ ਕੇ ਆਪਣੀਆਂ ਸਾਰੀਆਂ ਕਿਤਾਬਾਂ ਨਦੀ ਵਿੱਚ ਸੁੱਟ ਆ। ਫਿਰ ਆ ਕੇ ਨਾਮ ਦਾਨ ਦੀ ਦੀਖਿਆ ਲਉ।" ਉਹ ਜਾਣਦੇ ਸਨ ਕਿ ਅਸੀਂ ਕਿੱਥੇ ਖੜ੍ਹੇ ਹਾਂ। ਉਹ ਜਾਣਦੇ ਸਨ ਇਹ ਗੱਲ ।।। ਮੈਂ ਤੁਹਾਨੂੰ ਆਪਣੇ ਪਰਿਵਾਰ ਦਾ ਅਨੁਭਵ ਦੱਸਦਾ ਹਾਂ।

ਮੇਰੇ ਪਿਤਾ ਜੀ ਸਾਡੇ ਸਾਰੇ ਪਰਿਵਾਰ ਵਿਚ ਨਾਮ ਦਾਨ ਦੀ ਦੀਖਿਆ ਲੈਣ ਵਾਲੇ ਪਹਿਲੇ ਵਿਅਕਤੀ ਸਨ। ਉਨ੍ਹਾਂ ਤੋਂ ਬਾਅਦ ਸਾਰਿਆਂ ਨੇ ਇਕ ਤੋਂ ਬਾਅਦ ਇਕ ਦੀਖਿਆ ਲਈ ਸਿਵਾਏ ਉਨ੍ਹਾਂ ਦੀ ਸੱਸ ਦੇ, ਯਾਨੀ ਕਿ ਮੇਰੀ ਨਾਨੀ ਦੇ – ਉਨ੍ਹਾਂ ਦਾ ਮੂਰਤੀ ਪੂਜਾ ਵਿਚ ਵਿਸ਼ਵਾਸ ਸੀ। ਉਨ੍ਹਾਂ ਕੋਲ ਕਈ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਸਨ ਜਿਨ੍ਹਾਂ ਦੀ ਉਹ ਪੂਜਾ ਕਰਦੀ ਸੀ , “ਇਹ ਬ੍ਰਹਮਾ ਹੈ, ਇਹ ਵਿਸ਼ਨੂੰ ਹੈ, ਇਹ ਸ਼ਿਵ ਹੈ, ਇਹ ਦੇਵੀ ਪਾਰਵਤੀ ਹੈ, ਇਹ ਦੁਰਗਾ ਮਾਤਾ ਹੈ।" ਉਸ ਦੀਆਂ ਇਹ ਸਾਰੀਆਂ ਮੂਰਤੀਆਂ ਲੱਕੜ ਜਾਂ ਪੱਥਰ ਦੀਆਂ ਬਣੀਆਂ ਹੋਈਆਂ ਸਨ। ਉਸ ਦੇ ਘਰ ਵਿੱਚ ਇੱਕ ਮੰਦਿਰ ਸੀ। ਉਹ ਉਸ ਮੰਦਿਰ ਵਿਚ ਸਾਰੇ ਦੇਵੀ-ਦੇਵਤਿਆਂ ਦੀ ਪੂਜਾ ਕਰਦੀ ਸੀ ਅਤੇ ਬਹੁਤ ਵਧੀਆ ਧੂਪ - ਅਗਰਬੱਤੀ ਧੁਖਾਉਂਦੀ ਸੀ। ਜਦੋਂ ਉਹ ਪੂਜਾ ਕਰਦੀ ਤਾਂ ਅਗਰਬੱਤੀ ਜਲਾ ਲੈਂਦੀ ਅਤੇ ਨਾਲ-ਨਾਲ ਇਕ ਘੰਟੀ ਵਜਾਉਂਦੀ। ਜਦੋਂ ਉਹ ਸਵੇਰ ਵੇਲੇ ਪੂਜਾ ਕਰਦੀ ਤਾਂ ਘਰ ਵਿਚ ਇਕ ਬਹੁਤ ਵਧੀਆ ਮਾਹੌਲ ਬਣਦਾ। ਉਸ ਨੂੰ ਆਪਣੇ ਦੇਵੀਆਂ - ਦੇਵਤਿਆਂ ਨਾਲ ਬਹੁਤ ਪਿਆਰ ਅਤੇ ਉਸ ਅਕਸਰ ਕਹਿੰਦੀ, ਇਹ ਦੇਵੀ ਦੇਵਤੇ ਹੀ ਮੈਨੂੰ ਸਭ ਕੁਝ ਦੇਂਦੇ ਹਨ।

ਸੋ ਮੇਰੇ ਪਿਤਾ ਜੀ ਨੂੰ ਵੱਡੇ ਮਹਾਰਾਜ ਤੋਂ ਨਾਮ ਦਾਨ ਲੈਣ ਤੋਂ ਬਾਅਦ ਜਦੋਂ ਗਿਆਨ ਹੋਇਆ ਕਿ ਸੱਚ ਸਾਡੇ ਅੰਦਰ ਹੈ ਅਤੇ ਨਾ ਕਿ ਇਹਨਾਂ ਦੇਵੀ ਅਤੇ ਦੇਵਤਿਆਂ ਵਿਚ, ਉਹ ਸਿਰਫ ਪੱਥਰ ਅਤੇ ਲੱਕੜ ਦੇ ਟੁਕੜੇ ਹਨ, ਉਸ ਨਾਲ ਬਹਿਸ ਕਰਨ ਲੱਗ ਗਏ। ਉਨ੍ਹਾਂ ਨੇ ਆਪਣੀ ਸੱਸ ਨੂੰ ਕਿਹਾ, " ਜੋ ਤੁਸੀਂ ਕਰ ਰਹੇ ਹੋ ਉਹ ਸਹੀ ਨਹੀਂ ਹੈ। ਤੁਹਾਨੂੰ ਇਕ ਵਾਰ ਆ ਕੇ ਮਹਾਰਾਜ ਨੂੰ ਮਿਲਣਾ ਚਾਹੀਦਾ ਹੈ। ਉਹ ਤੁਹਾਨੂੰ ਦੱਸਣਗੇ ਕਿ ਆਪਣੇ ਅੰਦਰੋਂ ਸਚ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। ਅੰਦਰ ਕਿੱਥੇ ਜਾਣਾ ਹੈ। ਤੁਸੀਂ ਦੀਖਿਆ ਲੈ ਸਕਦੇ ਹੋ, ਉਸ ਤੋਂ ਨਾਮ ਲੈ ਸਕਦੇ ਹੋ। ਅੰਦਰ ਜਾਓ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਸੱਚਾਈ ਅੰਦਰ ਹੈ, ਨਾ ਕਿ ਇਹਨਾਂ ਛੋਟੇ ਜਿਹੇ ਖਿਡੌਣਿਆਂ ਵਿਚ ਜਿਨ੍ਹਾਂ ਨਾਲ ਤੁਸੀਂ ਖੇਡ ਰਹੇ ਹੋ। ਉਸਨੇ ਕਿਹਾ," ਚੁਪ ਕਰੋ ! ਤੁਹਾਨੂੰ ਕੁਝ ਵੀ ਨਹੀਂ ਪਤਾ। ਇਹ ਅਸਲ ਦੇਵੀ-ਦੇਵਤਾ ਹਨ। ਇਹ ਮੇਰੀ ਪ੍ਰਾਰਥਨਾ ਸੁਣਦੇ ਹਨ। ਮੈਂ ਆਪਣੀ ਸਾਰੀ ਜ਼ਿੰਦਗੀ ਇਹਨਾਂ ਦੀ ਪੂਜਾ ਕੀਤੀ ਹੈ ਤੇ ਇਹ ਮੇਰੀ ਪ੍ਰਾਰਥਨਾ ਸੁਣਦੇ ਹਨ। ਮੈਂ ਜੋ ਚਾਹਾਂ ਉਹ ਇਹ ਮੈਨੂੰ ਦੇ ਦਿੰਦੇ ਹਨ ਅਤੇ ਮੈਨੂੰ ਉਹਨਾਂ ਦੀ ਪੂਜਾ ਕਰਨੀ ਹੀ ਪਸੰਦ ਕਰਦੀ ਹਾਂ। ਉਹ ਮੈਨੂੰ ਖੁਸ਼ੀ ਅਤੇ ਅਨੰਦ ਦਿੰਦੇ ਹਨ। ਤੁਹਾਡੇ ਮਹਾਰਾਜ ਤੁਹਾਨੂੰ ਕੀ ਦੇਂਦੇ ਹਨ ? ਤੁਸੀਂ ਹੁਣ ਵੀ ਪਹਿਲਾਂ ਜਿੰਨੇ ਹੀ ਗੁੱਸੇ ਵਾਲੇ ਹੋ ਮੈਂ ਤੁਹਾਡੇ ਤੋਂ ਭੈੜਾ ਜਵਾਈ ਕਦੀ ਨਹੀਂ ਵੇਖਿਆ ! ਤੁਸੀਂ ਕੀ ਕਹਿ ਰਹੇ ਹੋ? ਤੁਸੀਂ ਆਪਣੇ ਮਹਾਰਾਜ ਕੋਲ ਜਾਓ। ਮੈਂ ਆਪਣੇ ਦੇਵੀ ਦੇਵਤਿਆਂ ਨਾਲ ਖੁਸ਼ ਹਾਂ।"

ਅਖੀਰ ਮੇਰੇ ਪਿਤਾਜੀ ਨੇ ਕਿਹਾ, "ਇਨ੍ਹਾਂ ਨੂੰ ਸਮਝਾਉਣਾ ਤਾਂ ਬਹੁਤ ਮੁਸ਼ਕਿਲ ਹੈ. ਹੁਣ ਮੈਂ ਕੀ ਕਰਾਂ?" ਉਹ ਮਹਾਰਾਜ ਕੋਲ ਗਏ , ਵੱਡੇ ਮਹਾਰਾਜ ਨੂੰ ਕਿਹਾ," ਮੈਂ ਚਾਹੁੰਦਾ ਹਾਂ ਕਿ ਮੇਰੀ ਸੱਸ ਵੀ ਤੁਹਾਡੀਆਂ ਸਿਖਿਆਵਾਂ ਦੀ ਪਾਲਣਾ ਕਰੇ ਪਰ ਉਹ ਭਾਰਤ ਵਿੱਚ ਜਿਆਦਾਤਰ ਹਿੰਦੂਆਂ ਵਾਂਗ ਇਨ੍ਹਾਂ ਦੇਵੀ-ਦੇਵਤਿਆਂ ਦੀ ਪੂਜਾ ਕਰ ਰਹੀ ਹੈ. ਉਹ ਮੰਦਰਾਂ ਵਿਚ ਜਾਂਦੇ ਹਨ ਅਤੇ ਇਹਨਾਂ ਦੀ ਪੂਜਾ ਕਰਦੇ ਹਨ. ਉਹ ਵੀ ਇਨ੍ਹਾਂ ਚੱਕਰਾਂ ਵਿੱਚ ਫਸ ਗਈ ਹੈ. ਮੈਂ ਚਾਹੁੰਦਾ ਹਾਂ ਕਿ ਉਥੋਂ ਨਿਕਲੇ ਅਤੇ ਅਸਲ ਜਾਕੇ ਅੰਦਰ ਵਸੇ ਰੱਬ ਦੀ ਪੂਜਾ ਕਰੇ."

ਵੱਡੇ ਮਹਾਰਾਜ ਨੇ ਜਵਾਬ ਦਿੱਤਾ, "ਚਿੰਤਾ ਨਾ ਕਰੋ, ਲੇਖ ਰਾਜ" – ਇਹ ਸੀ ਉਨ੍ਹਾਂ ਦਾ ਨਾਮ, ਮੇਰੇ ਪਿਤਾਜੀ ਦਾ ਨਾਮ, - "ਚਿੰਤਾ ਨਾ ਕਰੋ, ਲੇਖ ਰਾਜ. ਮੈਂ ਆ ਕੇ ਉਸ ਨੂੰ ਮਿਲਾਂਗਾ." ਉਨ੍ਹਾਂ ਨੂੰ ਬਹੁਤ ਖੁਸ਼ੀ ਹੋਈ ਕਿ ਮਹਾਰਾਜ ਜੀ ਖੁਦ ਆ ਕੇ ਉਸ ਨੂੰ ਮਿਲਣਗੇ. ਉਨ੍ਹਾਂ ਨੇ ਆਪਣੀ ਸੱਸ ਨੂੰ ਕਿਹਾ "ਵੱਡੇ ਮਹਾਰਾਜ ਤੈਨੂੰ ਮਿਲਣ ਆ ਰਹੇ ਹਨ." "ਨਾਨੀ ਨੇ ਕਿਹਾ ਉਨ੍ਹਾਂ ਦਾ ਸਵਾਗਤ ਹੈ." ਸੋ ਵੱਡੇ ਮਹਾਰਾਜ ਉਨ੍ਹਾਂ ਦੇ ਘਰ ਗਏ ਤਾਂ ਉਸ ਨੇ ਉਨ੍ਹਾਂ ਨੂੰ ਕਿਹਾ, "ਮਹਾਰਾਜ ਜੀ , ਮੇਰਾ ਜਵਾਈ ਮੇਰੇ ਨਾਲ ਉਟ-ਪਟਾਂਗ ਗਲਾਂ ਕਰਦਾ ਹੈ. ਮੈਨੂੰ ਖੁਸ਼ੀ ਹੈ ਕਿ ਤੁਸੀਂ ਆਏ ਹੋ. ਤੁਸੀਂ ਮੈਨੂੰ ਸਮਝ ਪਾਓਗੇ ."

ਉਨ੍ਹਾਂ ਨੇ ਕਿਹਾ, "ਕਹੋ ਬੀਬੀ, ਮੈਂ ਤੁਹਾਡੇ ਲਈ ਕੀ ਕਰ ਸਕਦਾ ਹਾਂ?" ਉਸਨੇ ਕਿਹਾ, "ਮੇਰੇ ਘਰ ਵਿਚ ਇਕ ਬਹੁਤ ਸੁੰਦਰ ਮੰਦਰ ਹੈ." “ਸਚੀਂ? ਤੁਹਾਡੇ ਘਰ ਵਿਚ ਇਕ ਮੰਦਰ ਹੈ? " " ਹਾਂ." ਵੱਡੇ ਮਹਾਰਾਜ ਨੇ ਆਪਣੇ ਜੁੱਤੇ ਲਾਹੇ. "ਆਓ ਅਸੀਂ ਤੁਹਾਡੇ ਮੰਦਰ ਚੱਲੀਏ" ਅਤੇ ਉਹ ਨਾਨੀ ਦੇ ਨਾਲ ਬੈਠ ਗਏ. ਉਨ੍ਹਾਂ ਨੇ ਵੀ ਘੰਟੀ ਵਜਾਈ ਅਤੇ ਉਨ੍ਹਾਂ ਦੇਵੀ - ਦੇਵਤਿਆਂ ਦੀ ਪੂਜਾ ਕੀਤੀ. ਨਾਨੀ ਬਹੁਤ ਖੁਸ਼

ਹੋਈ. ਇਸ ਆਦਮੀ ਨੂੰ ਪਤਾ ਹੈ ਇਹ ਅਸਲੀ ਦੇਵੀ-ਦੇਵਤੇ ਹਨ. ਮੇਰੇ ਜਵਾਈ ਨੂੰ ਤਾਂ ਕੁਝ ਨਹੀਂ ਪਤਾ! ਸੋ ਉਹ ਵੱਡੇ ਮਹਾਰਾਜ ਨਾਲ ਬਹੁਤ ਖੁਸ਼ ਹੋਈ. ਉਸਨੇ ਕਿਹਾ, "ਮੈਂ ਜਾਣਦੀ ਸੀ ਕਿ ਮਹਾਰਾਜ ਜੀ ਸਹੀ ਹਨ. ਤੂੰ ਕਦੇ ਵੀ ਆਪਣੇ ਮਹਾਰਾਜ ਦੀ ਪਾਲਣਾ ਨਹੀਂ ਕੀਤੀ. ਜੇ ਤੂੰ ਆਪਣੇ ਮਹਾਰਾਜ ਦੀ ਪਾਲਣਾ ਕੀਤੀ ਹੁੰਦੀ ਤਾਂ ਤੂੰ ਵੀ ਉਨ੍ਹਾਂ ਦੇਵੀ-ਦੇਵਤਿਆਂ ਦੀ ਪੂਜਾ ਕਰ ਰਿਹਾ ਹੁੰਦਾ. "

ਮੇਰੇ ਪਿਤਾਜੀ ਬਹੁਤ ਹੈਰਾਨ ਹੋਏ। "ਇਹ ਮਹਾਰਾਜ ਜੀ ਕੀ ਕਰ ਰਹੇ ਹਨ ? ਮੈਂ ਸੋਚਿਆ ਸੀ ਕਿ ਉਹ ਜਾ ਕੇ ਕਹਿਣਗੇ ਕਿ ਇਹ ਸਹੀ ਨਹੀਂ ਹੈ, ਪਰ ਉਨ੍ਹਾਂ ਨੇ ਖੁਦ ਉਨ੍ਹਾਂ ਛੋਟੇ ਖਿਡੌਣਿਆਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ।" ਸੋ ਵੱਡੇ ਮਹਾਰਾਜ ਤੋਂ ਮੇਰੀ ਨਾਨੀ ਬਹੁਤ ਖੁਸ਼ ਹੋਈ। ਮਹਾਰਾਜ ਜੀ ਨੇ ਉਸ ਨੂੰ ਕਿਹਾ," ਬੀਬੀ ਤੁਹਾਡਾ ਮੰਦਰ ਬਹੁਤ ਵਧੀਆ ਹੈ। ਮੈਂ ਉਥੇ ਬਹੁਤ ਵਧੀਆ ਸਮਾਂ ਬਤੀਤ ਕੀਤਾ। ਤੁਹਾਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਤੁਸੀਂ ਵੀ ਕਦੀ ਡੇਰੇ ਮੇਰੇ ਕੋਲ ਆਉ।" ਉਸਨੇ ਕਿਹਾ," ਯਕੀਨਨ ਮੈਂ ਆਵਾਂਗੀ।" ਉਸ ਨੇ ਕਦੇ ਨਹੀਂ ਸੀ ਜਾਣਾ ਪਰ ਉਹ ਮਹਾਰਾਜ ਜੀ ਦੀ ਮੁਲਾਕਾਤ ਕਰਕੇ ਉੱਥੇ ਗਈ, ਇਕ ਪ੍ਰਵਚਨ ਸੁਣਿਆ, ਦੋ ਸੁਣੇ, ਤਿੰਨ ਸੁਣੇ, ਉਨ੍ਹਾਂ ਦਾ ਆਨੰਦ ਮਾਣਿਆ। ਫਿਰ ਉਸਨੇ ਕਿਹਾ, "ਤੁਸੀਂ ਜਾਣਦੇ ਹੋ, ਮੈਂ ਸਮਝ ਗਈ ਹਾਂ ਕਿ ਉਹ ਜੋ ਕਹਿ ਰਹੇ ਸਨ ਉਹ ਸਹੀ ਹੈ। ਸੱਚ ਅੰਦਰ ਹੀ ਹੈ। ਮੈਂ ਬਾਹਰ ਪੂਜਾ ਕਰਦੀ ਰਹੀ। ਮੈਨੂੰ ਲੱਗ ਰਿਹਾ ਹੈ ਕਿ ਮੈਂ ਉਨ੍ਹਾਂ ਨੂੰ ਬੇਨਤੀ ਕਰਾਂ ਕੀ ਮੈਨੂੰ ਨਾਮ ਦਾਨ ਦੀ ਦੀਖਿਆ ਦੇਣ ।" ਉਸਨੇ ਨਾਮ ਦਾਨ ਲਈ ਬੇਨਤੀ ਕੀਤੀ ਅਤੇ ਮਹਾਰਾਜ ਨੇ ਦੀਖਿਆ ਦੇਣ ਲਈ ਹਾਂ ਕਰ ਦਿਤੀ। ਉਨ੍ਹਾਂ ਉਸ ਨੂੰ ਦੀਖਿਆ ਦਿੱਤੀ। ਉਸਨੇ ਸਿਮਰਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਫਿਰ ਇੱਕ ਮਹੀਨੇ ਬਾਅਦ ਉਹ ਵਾਪਸ ਵੱਡੇ ਮਹਾਰਾਜ ਕੋਲ ਆਈ ਅਤੇ ਕਿਹਾ, "ਮਹਾਰਾਜ ਜੀ , ਮੈਨੂੰ ਇਕ ਇੱਕ ਛੋਟੀ ਜਿਹੀ ਸਮੱਸਿਆ ਆ ਰਹੀ ਹੈ।" ਉਨ੍ਹਾਂ ਪੁਛਿਆ, "ਤੁਹਾਡੀ ਕੀ ਸਮੱਸਿਆ ਹੈ, ਬੀਬੀ ?" ਉਸਨੇ ਕਿਹਾ, "ਤੁਸੀਂ ਮੇਰੇ ਮੰਦਰ ਵਿਚ ਜਿੰਨਾਂ ਸਾਰੇ ਦੇਵੀ-ਦੇਵਤਿਆਂ ਨੂੰ ਵੇਖਿਆ ਸੀ, ਉਹ ਅੱਜੇ ਵੀ ਮੇਰੇ ਮੰਦਰ ਵਿੱਚ ਬੈਠੇ ਹਨ। ਹੁਣ ਮੈਨੂੰ ਉਹਨਾਂ ਦੀ ਲੋੜ ਨਹੀਂ ਹੈ। ਮੈਂ ਨਹੀਂ ਪਤਾ ਲਗਦਾ ਕੀ ਉਹਨਾਂ ਦਾ ਕੀ ਕਰਾਂ ।" ਉਨ੍ਹਾਂ ਕਿਹਾ, " ਕੀ ਤੁਸੀਂ ਇੱਕ ਵੱਡੇ ਬੋਰੇ ਵਿੱਚ ਕਣਕ ਖਰੀਦਦੇ ਹੋ? " " ਹਾਂ, ਵੱਡੀਆਂ-ਵੱਡੀਆਂ, ਖਾਕੀ ਬੋਰੀਆਂ ਵਿਚ ਕਣਕ ਦੀ ਖ਼ਰੀਦਦਾਰੀ ਕਰਦੀ ਹਾਂ।" ਉਨ੍ਹਾਂ ਕਿਹਾ, "ਜਦੋਂ ਤੁਹਾਡੇ ਕੋਲ ਕੋਈ ਖਾਲੀ ਬੋਰੀ ਹੋਵੇ ਤਾਂ ਉਨ੍ਹਾਂ ਸਾਰੇ ਦੇਵੀ-ਦੇਵਤਿਆਂ ਨੂੰ ਉਸ ਵਿਚ ਭਰ ਦਿਉ, ਫਿਰ ਬੋਰੇ ਨੂੰ ਚੰਗੀ ਤਰ੍ਹਾਂ ਬੰਨ੍ਹ ਕੇ ਕਿਸੇ ਨਦੀ ਵਿੱਚ ਸੁੱਟ ਦਿਓ," ਅਤੇ ਉਸਨੇ ਬਿਲਕੁਲ ਇੱਦਾਂ ਹੀ ਕੀਤਾ।

ਸਾਨੂੰ ਇਹ ਕਦੀ ਨਹੀਂ ਪਤਾ ਲੱਗ ਸਕਦਾ ਕਿ ਇਹ ਸਤਿਗੁਰੂ ਕਿਵੇਂ ਕੰਮ ਕਰਦੇ ਹਨ. ਉਹ ਸਾਡੇ ਪੱਧਰ ਤੇ ਆਉਂਦੇ ਹਨ. ਉਹ ਜਾਣਦੇ ਹਨ ਕਿ ਅਸੀਂ ਕਿੱਥੇ ਹਾਂ. ਉਹ ਇਹ ਨਹੀਂ ਕਹਿੰਦੇ, "ਅਸੀਂ ਤੁਹਾਨੂੰ ਕਿਸੇ ਉੱਚੇ ਮੰਚ ਤੋਂ ਜਾਂ ਕਿਸੇ ਆਸਣ ਤੋਂ ਪ੍ਰਵਚਨ ਦੇਵਾਂਗੇ." ਉਹ ਸਾਡੇ ਪੱਧਰ ਤੇ ਆਉਂਦੇ ਹਨ. ਉਹ ਪਿਆਰ ਅਤੇ ਦੋਸਤੀ ਦਾ ਵਿਕਾਸ ਕਰਦੇ ਹਨ . ਉਹ ਕਿਸੇ ਵੀ ਹੋਰ ਚੀਜ਼ ਬਜਾਏ ਪਿਆਰ ਨਾਲ ਸਾਨੂੰ ਆਪਣੇ ਵੱਲ ਖਿਚਦੇ ਅਤੇ ਸਾਨੂੰ ਪਤਾ ਲਗਦਾ ਕਿ ਉਹ ਇਹ ਕੁਝ ਕਰ ਸਕਦੇ ਹਨ.

ਮੈਂ ਤੁਹਾਨੂੰ ਵੱਡੇ ਮਹਾਰਾਜ ਦੀ ਇਕ ਹੋਰ ਕਹਾਣੀ ਦੱਸਦਾ ਹਾਂ। ਉਹ ਰਾਵਲਪਿੰਡੀ, ਜਿਸ ਨੂੰ ਹੁਣ ਪਾਕਿਸਤਾਨ ਵਿਚ ਇਸਲਾਮਾਬਾਦ ਕਿਹਾ ਜਾਂਦਾ ਹੈ, ਵਿਖੇ ਗਏ। ਉੱਥੇ ਸਿਖਾਂ ਦਾ ਇਕ ਵੱਡਾ ਗੁਰਦੁਆਰਾ ਸੀ। ਸਿੱਖਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਪਵਿੱਤਰ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਗੁਰੂ ਹੈ। ਉਨ੍ਹਾਂ ਦੇ ਦੱਸ ਗੁਰੂ ਹੋਏ ਹਨ। ਸਿੱਖ ਕਹਿੰਦੇ ਹਨ ਕਿ ਉਨ੍ਹਾਂ ਦੇ ਦਸਵੇਂ ਗੁਰੂ ਨੇ ਕਿਹਾ ਕਿ ਹੁਣ ਕੋਈ ਹੋਰ ਦੇਹਧਾਰੀ ਗੁਰੂ ਨਹੀਂ ਹੋਵੇਗਾ ਅਤੇ ਪਵਿੱਤਰ ਗ੍ਰੰਥ ਹੀ ਉਨ੍ਹਾਂ ਦਾ ਗੁਰੂ ਹੋਵੇਗਾ। ਸਿੱਖ ਇਹ ਕਹਿੰਦੇ ਹਨ ਪਰ ਮੈਂ ਇਹ ਗੱਲ ਕੀਤੇ ਨਹੀਂ ਪੜ੍ਹੀ ਕੀ ਦਸਵੇਂ ਗੁਰੂ ਨੇ ਇਸ ਤਰਾਂ ਕਿਹਾ। ਇਹ ਕਿਸੇ ਹੋਰ ਨੇ ਕਿਹਾ ਕਿਹਾ ਹੈ ਪਰ ਸਿਖਾਂ ਦਾ ਦਾਅਵਾ ਹੈ ਕਿ ਇਹ ਉਨ੍ਹਾਂ ਦੇ ਗੁਰੂ ਨੇ ਕਿਹਾ ਹੈ ਕਿ ਹੁਣ ਪਵਿੱਤਰ ਗ੍ਰੰਥ ਹੀ ਹਮੇਸ਼ਾਂ ਲਈ ਉਨ੍ਹਾਂ ਦਾ ਗੁਰੂ ਹੋਵੇਗਾ। ਇਸ ਲਈ ਉਹ ਗ੍ਰੰਥ ਸਾਹਿਬ ਨੂੰ ਇਕ ਸਤਿਗੁਰੂ ਵਾਂਗ ਮੰਨਦੇ ਹਨ। ਸਿਰਫ ਇਹ ਹੀ ਨਹੀਂ, ਉਹ ਗ੍ਰੰਥ ਸਾਹਿਬ ਨੂੰ ਭੋਗ ਲੱਗੋਂਦੇ ਹਨ, ਉਹ ਗ੍ਰੰਥ ਸਾਹਿਬ ਕੋਲ ਕੁਝ ਭੋਜਨ ਰੱਖਦੇ ਹਨ। ਉਹ ਗ੍ਰੰਥ ਸਾਹਿਬ ਨੂੰ ਆਪਣੇ ਸਿਰਾਂ ਤੇ ਚੁੱਕਦੇ ਹਨ । ਉਸ ਅੱਗੇ ਆਪਣੀਆਂ ਪ੍ਰਾਰਥਨਾਵਾਂ ਕਰਦੇ ਹਨ। ਉਹ ਇਸ ਤੇ ਚੌਰ ਕਰਦੇ ਹਨ। ਉਹ ਇਸ ਨੂੰ ਮਨੁੱਖੀ ਸਤਿਗੁਰੂ ਦੀ ਤਰ੍ਹਾਂ ਸਮਝਦੇ ਹਨ ਕਿਓਂ ਕੀ ਦਸ ਗੁਰੂ ਸਾਹਿਬਾਨ ਜਿਨ੍ਹਾਂ ਵਿਚੋਂ ਜਿਨਾ ਦੀ ਬਾਣੀ ਇਸ ਗੁਰੂ ਗ੍ਰੰਥ ਸਾਹਿਬ ਵਿਚ ਹੈ ਉਹ ਕਹਿ ਰਹੇ ਹਨ ਕੀ ਇਕ ਦੇਹਧਾਰੀ ਗੁਰੂ ਦਾ ਹੋਣਾ ਬਹੁਤ ਜਰੂਰੀ ਹੈ। ਕਿਓਂ ਕੀ ਉਹ ਜਿੰਦੇ ਗੁਰੂ ਤੇ ਜ਼ੋਰ ਦੇਂਦੇ ਹਨ ਇਸ ਲਈ ਸਿੱਖ ਗ੍ਰੰਥ ਸਾਹਿਬ ਨੂੰ ਇਕ ਜਿੰਦੇ ਸਤੁਗੁਰ ਵਾਂਗ ਸਮਝਦੇ ਹਨ।

ਵੱਡੇ ਮਹਾਰਾਜ ਨੇ ਉਸ ਸ਼ਹਿਰ ਦਾ ਦੌਰਾ ਕੀਤਾ ਅਤੇ ਉਹ ਗੁਰਦਵਾਰਾ ਸਾਹਿਬ ਦੇ ਬਹੁਤ ਨਜ਼ਦੀਕ ਸਤਸੰਗ ਕਰਨ ਜਾ ਰਹੇ ਸਨ। ਉਨ੍ਹਾਂ ਸਿੱਖਾਂ ਨੇ ਕਿਹਾ, "ਇੱਕ ਆਦਮੀ ਸਤਿਗੁਰੂ ਹੋਣ ਦਾ ਦਾਵਾ ਕਿਸ ਤਰਾਂ ਕਰ ਸਕਦਾ ਹੈ? ਅਸੀਂ ਉਸਨੂੰ ਮਾਰ ਦੇਵਾਂਗੇ। "ਕਿਉਂਕਿ ਧਰਮ ਦੀ ਗੱਲ ਆਉਣ ਤੇ ਉਹ ਹਿੰਸਕ ਹੋ ਸਕਦੇ ਹਨ, ਹੋਰਨਾਂ ਸਭ ਧਰਮਾਂ ਵਾਂਗ ਉਹ ਹਿੰਸਕ ਹੋ ਸਕਦੇ ਹਨ। ਧਰਮ ਤੁਹਾਨੂੰ ਅਮਨ ਸਿਖਾਉਂਦਾ ਹੈ, ਅਤੇ ਲੋਕ ਅਕਸਰ ਹਿੰਸਾ ਕਰਦੇ ਹਨ। ਇਹ ਧਰਮ ਵਿਚ ਬਹੁਤ ਹੀ ਅਨੋਖਾ ਵਿਰੋਧਾਭਾਸ ਹੈ। ਧਰਮ ਕਹਿੰਦਾ ਹੈ ਸਭ ਨੂੰ

ਪਿਆਰ ਕਰੋ। ਸਾਰੇ ਇੱਕੋ ਪਰਮਾਤਮਾ ਦੁਆਰਾ ਬਣਾਏ ਗਏ ਹਨ। ਹਰ ਧਰਮ ਇਸ ਤਰਾਂ ਕਹਿੰਦਾ ਹੈ ਅਤੇ ਪਿਆਰ ਦਾ ਪ੍ਰਸਾਰ ਕਰਦਾ ਹੈ ਅਤੇ ਫਿਰ ਵੀ ਇਤਿਹਾਸ ਵਿਚ ਬਹੁਤ ਸਾਰੇ ਲੋਕ ਉਸੇ ਰੱਬ ਦੇ ਨਾਂ ਤੇ, ਧਰਮ ਦੇ ਨਾਂ ਤੇ ਮਾਰੇ ਜਾਂ ਚੁਕੇ ਹਨ। ਇਹ ਬਹੁਤ ਹੀ ਹੈਰਾਨੀਜਨਕ ਹੈ ਕੀ ਇਸ ਤਰਾਂ ਹੋਇਆ। ਇਸ ਲਈ ਜਦੋਂ ਵੱਡੇ ਮਹਾਰਾਜ ਇੱਥੇ ਪਹੁੰਚੇ ਤਾਂ ਇਨ੍ਹਾਂ ਸਿੱਖ ਲੋਕਾਂ ਨੇ ਕਿਹਾ, "ਉਸ ਦੀ ਕੀ ਮਜਾਲ ਉਹ ਇਕ ਗੁਰੂ ਹੋਣ ਦਾ ਕੀ ਦਾਅਵਾ ਕਰ ਸਕੇ। ਕੇਵਲ ਦਸ ਗੁਰੂ ਹੀ ਗੁਰੂ ਸਨ, ਅਤੇ ਹੁਣ ਇਹ ਗਰੰਥ ਸਾਹਿਬ ਹੀ ਗੁਰੂ ਹੈ। ਜੇ ਉਹ ਗੁਰੂ ਹੋਣ ਦਾ ਦਿਖਾਵਾ ਕਰੇਗਾ ਤਾਂ ਅਸੀਂ ਉਸਨੂੰ ਮਾਰ ਦੇਵਾਂਗੇ । ਸਾਡੀਆਂ ਤਲਵਾਰਾਂ ਉਸ ਨੂੰ ਮਾਰਨ ਲਈ ਤਿਆਰ ਹਨ। "ਉਹ ਸਾਰੇ ਤਲਵਾਰਾਂ ਰਖਦੇ ਹਨ। ਇਥੇ ਸਫਰ ਕਰਦੇ ਸਮੇਂ ਉਹ ਛੋਟੀ ਤਲਵਾਰ ਲੈ ਕੇ ਚਲਦੇ ਹਨ, ਪਰ ਉਥੇ ਉਨ੍ਹਾਂ ਕੋਲ ਵੱਡੀਆਂ ਤਲਵਾਰਾਂ ਸਨ।

ਸੋ ਅਗਲੇ ਦਿਨ ਵੱਡੇ ਮਹਾਰਾਜ ਦਾ ਸਤਸੰਗ ਸੀ। ਲੋਕਾਂ ਨੂੰ ਪਤਾ ਲੱਗ ਗਿਆ ਕਿ ਉਨ੍ਹਾਂ ਨੂੰ ਮਾਰਨ ਦੀ ਇੱਕ ਯੋਜਨਾ ਬਣ ਚੁਕੀ ਸੀ। ਲੋਕਾਂ ਨੇ ਮਹਾਰਾਜ ਨੂੰ ਸਲਾਹ ਦਿੱਤੀ ਕੀ ਉਥੇ ਨਾ ਜਾਓ। ਰਾਤ ਨੂੰ ਇਕ ਮੀਟਿੰਗ ਰੱਖੀ ਗਈ ਅਤੇ ਮੈਂ ਉੱਥੇ ਵੀ ਸਾਂ, ਵੀ। ਮੈਂ ਜਵਾਨ ਸੀ, ਪਰ ਮੈਂ ਸਮੂਹ ਵਿਚ ਸੀ। ਉਹ ਕਹਿ ਰਹੇ ਸੀ "ਮਹਾਰਾਜ , ਆਪਣੇ ਟੂਰ ਨੂੰ ਰੱਦ ਕਰੋ।" "ਮਹਾਰਾਜ ,ਹਾਲਤ ਬਹੁਤ ਖਤਰਨਾਕ ਹਨ ।" "ਉਹ ਕੱਲ੍ਹ ਤੁਹਾਨੂੰ ਮਾਰ ਦੇਣਗੇ।" "ਅਸੀਂ ਤੁਹਾਨੂੰ ਗੁਆ ਨਹੀਂ ਸਕਦੇ ।" ਚਲੋ ਅੱਜ ਹੀ ਵਾਪਸ ਚਲੇ ਜਾਈਏ। ਮਹਾਰਾਜ ਨੇ ਕਿਹਾ, "ਨਹੀਂ, ਸਤਸੰਗ ਕਲ ਹੀ ਹੋਵੇਗਾ। ਚਿੰਤਾ ਨਾ ਕਰੋ। ਇਸ ਨੂੰ ਮਹਾਰਾਜ ਬਾਬਾ ਜੈਮਲ ਸਿੰਘ ਤੇ ਛੱਡ ਦਿਓ।" ਹਜ਼ੂਰ ਦਾ ਦਾਅਵਾ ਸੀ ਕਿ ਉਨ੍ਹਾਂ ਦਾ ਸਤਿਗੁਰੂ ਬਾਬਾ ਜੈਮਲ ਸਿੰਘ ਬਹੁਤ ਤਾਕਤਵਰ ਸੀ ਅਤੇ ਉਨ੍ਹਾਂ ਵਿਚ ਕੋਈ ਤਾਕਤ ਨਹੀਂ ਸੀ । ਹਜ਼ੂਰ ਨੇ ਕਦੀ ਵੀ ਇੱਕ ਸਤਿਗੁਰੂ ਹੋਣ ਦਾ ਦਾਅਵਾ ਨਹੀਂ ਸੀ ਕੀਤਾ। ਉਨ੍ਹਾਂ ਹਮੇਸ਼ਾ ਸਾਰਾ ਸੇਹਰਾ ਆਪਣੇ ਸਤਿਗੁਰੂ ਨੂੰ ਦਿੱਤਾ। ਉਨ੍ਹਾਂ ਕਿਹਾ, "ਨਹੀਂ, ਬਾਬਾ ਜੀ ਇੱਥੇ ਮੇਰੀ ਦੇਖਭਾਲ ਕਰਨਗੇ। ਚਿੰਤਾ ਨਾ ਕਰੋ।" ਉਹ ਸਾਰੇ ਡਰੇ ਹੋਏ ਸਨ।

ਅਗਲੇ ਦਿਨ ਵੱਡੇ ਮਹਾਰਾਜ ਨੇ ਕਿਹਾ, "ਆਪਣੇ ਪ੍ਰਵਚਨ ਦੇਣ ਤੋਂ ਪਹਿਲਾਂ, ਮੈਂ ਗੁਰਦੁਆਰੇ ਸਾਹਿਬ ਜਾਣਾ ਚਾਹੁੰਦਾ ਹਾਂ।" ਉਹ ਸਿੱਖਾਂ ਦੇ ਗੁਰਦਵਾਰੇ ਚਲੇ ਗਏ। ਉਹ ਸਾਰੇ ਲੋਕ ਤਲਵਾਰਾਂ ਕੱਢੀ ਤੈਨਾਤ ਸਨ । ਮੈਨੂੰ ਪੂਰੀ ਤਰਾਂ ਯਾਦ ਹੈ । ਉਹ ਸਾਡੇ ਅਤੇ ਕੁਝ ਲੋਕਾਂ ਸਮੇਤ ਗੁਰਦਵਾਰੇ ਸਾਹਿਬ ਗਏ। ਅਸੀਂ ਹੋਰ ਲੋਕਾਂ ਵਾਂਗ ਘਬਰਾਏ ਹੋਏ ਸੀ ਕੀ ਹੁਣ ਕਤਲੇਆਮ ਜਾਂ ਹੋਰ ਕੁਝ ਹੋ ਜਾਵੇਗਾ। ਉਹ ਉੱਥੇ ਗਏ। ਗਰੰਥ ਸਾਹਿਬ ਅੱਗੇ ਝੁਕੇ। ਪੰਜ ਰੁਪਏ ਚੜ੍ਹਾਏ। ਅਤੇ ਕਿਹਾ, "ਤੁਹਾਡਾ ਧੰਨਵਾਦ," ਅਤੇ ਸਾਹਮਣੇ ਬੈਠ ਗਏ । ਉਹ ਸਾਰੇ ਕਹਿਣ ਲੱਗੇ, "ਸਾਡੇ ਕੋਲ ਇਸ ਆਦਮੀ ਬਾਰੇ ਗਲਤ ਜਾਣਕਾਰੀ ਸੀ। ਉਹ ਸਾਡੇ ਗੁਰੂ ਗਰੰਥ ਦੀ ਪੂਜਾ ਕਰਦੇ ਹਨ, "ਇਸ ਲਈ ਉਨ੍ਹਾਂ ਨੇ ਆਪਣੀਆਂ ਤਲਵਾਰਾਂ ਨੂੰ ਵਾਪਸ ਰਖ ਲਿਆ। ਅਤੇ ਫਿਰ ਹਜ਼ੂਰ ਨੇ ਆਪਣੇ ਪਾਠੀ ਨੂੰ ਕਿਹਾ ਜੋ ਡੇਰੇ ਤੋਂ ਨਾਲ ਆਇਆ ਸੀ, ਬਾਨ ਸਿੰਘ, ਉਸਦਾ ਨਾਂ ਬਾਨ ਸਿੰਘ ਸੀ। ਹਜ਼ੂਰ ਨੇ ਕਿਹਾ, "ਪਾਠੀ ਬਾਨ ਸਿੰਘ, ਪੰਜਵੇਂ ਗੁਰੂ ਸਾਹਿਬਾਨ ਦਾ ਸ਼ਬਦ ਉਚਾਰੋ"। ਪਾਠੀ ਉਸ ਆਦਮੀ ਕੋਲ ਗਿਆ ਜੋ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਹੋਇਆ ਸੀ । ਉਸ ਨੂੰ ਪਾਸੇ ਕਰ ਕੇ ਆਪ ਉਥੇ ਬੈਠ ਗਿਆ। ਇਕ ਸਫ਼ਾ ਖੋਲ੍ਹਿਆ ਅਤੇ ਪੜ੍ਹਨਾ ਸ਼ੁਰੂ ਕੀਤਾ। ਉਸ ਵਾਕ ਵਿਚ ਲਿਖਿਆ ਹੋਇਆ ਸੀ "ਜਦੋਂ ਤੱਕ ਤੁਸੀਂ ਇਕ ਸਤਿਗੁਰੂ ਦੇ ਚਿਹਰੇ ਨੂੰ ਨਹੀਂ ਦੇਖ ਸਕਦੇ, ਤੁਹਾਨੂੰ ਸਤਿਗੁਰੂ ਤੋਂ ਕੁਝ ਨਹੀਂ ਮਿਲਦਾ। ਜਦ ਤਕ ਸਤੁਗਰੁ ਤੁਹਾਡਾ ਹੱਥ ਫੜ ਕੇ ਤੁਹਾਨੂੰ ਕੁਝ ਦਵੇ, ਤੁਹਾਨੂੰ ਕੁਝ ਨਹੀਂ ਮਿਲੇਗਾ। "ਇਹ ਸਭ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ!

ਇਸ ਲਈ ਪਾਠੀ ਨੇ ਜ਼ੋਰ ਨਾਲ ਉਸ ਵਾਕ ਨੂੰ ਪੜ੍ਹਿਆ, ਅਤੇ ਮਹਾਰਾਜ ਜੀ ਉਸੇ ਤਰਾਂ ਬੈਠੇ ਰਹੇ । ਹਰ ਕੋਈ ਹੈਰਾਨ ਸੀ ਕਿ ਕੀ ਹੋ ਰਿਹਾ ਹੈ। ਸਿਖਾਂ ਨੇ ਕਿਹਾ, "ਇਹ ਸੰਤ ਸਾਡੇ ਗੁਰੂ ਦੀ ਬੰਦਗੀ ਕਰ ਰਿਹਾ ਹੈ। ਉਹ ਵੀ ਗ੍ਰੰਥ ਸਾਹਿਬ ਦੀ ਸਿੱਖਿਆ ਤੇ ਚਲਦਾ ਲਗਦਾ ਹੈ। ਉਹ ਗ੍ਰੰਥ ਸਾਹਿਬ ਵਿਚੋਂ ਪੜ੍ਹਾ ਰਿਹਾ ਹੈ। "ਸੋ ਮਹਾਰਾਜ ਜੀ ਸਤਸੰਗ ਕਰਨ ਲਈ ਉਠੇ ਅਤੇ ਉਹ ਸਾਰੇ ਲੋਕ ਤਲਵਾਰਾਂ ਵਾਲੇ, ਉਨ੍ਹਾਂ ਨੂੰ ਸੁਣਨ ਲਈ ਉਥੇ ਆ ਗਏ। ਉਨ੍ਹਾਂ ਨੇ ਉਹੀ ਪ੍ਰਵਚਨ ਕੀਤੇ ਜੋ ਗ੍ਰੰਥ ਸਾਹਿਬ ਕਹਿ ਰਹੇ ਸੀ। ਮਹਾਰਾਜ ਜੀ ਨੇ ਵਿਆਖਿਆ ਕੀਤੀ ਕਿ ਬਿਨਾਂ ਕਿਸੇ ਜੀਵਤ ਵਿਅਕਤੀ ਦੇ, ਉਹ ਵਿਅਕਤੀ ਜੋ ਕਰ ਸਕਦਾ ਹੈ ,, ਪੰਜਵੇਂ ਗੁਰੂ ਦੀਆਂ ਸਿੱਖਿਆਵਾਂ, ਜੋ ਬਹੁਤ ਸਪੱਸ਼ਟ ਹਨ। ਇਸ ਲਈ ਮੈਨੂੰ ਉਹ ਸ਼ਬਦ ਪਸੰਦ ਹੈ ਜੋ ਕਦੇ-ਕਦੇ ਟਿੱਕੀ ਗਾਉਂਦੀ ਹੈ। ਸ਼ਬਦ ਹੈ, ਜੋ ਮਾਂਗੇ ਠਾਕੁਰ ਆਪਣੇ ਤੇ ਸੋਈ ਸੋਈ ਦੇਵੇ। ਸ਼ਬਦ ਆਖਦਾ ਹੈ, "ਕੰਠ ਲਾਏ ਅਵਗੁਣ ਸਭ ਮੇਟੇ " ਜੇ ਉਹ ਤੁਹਾਨੂੰ ਗਲੇ ਨਾਲ ਲਗਾਉਂਦਾ ਹੈ ਤਾਂ ਉਹ ਤੁਹਾਡੇ ਬਹੁਤ ਸਾਰੇ ਵਿਕਾਰਾਂ ਅਤੇ ਮਾੜੇ ਕਰਮਾਂ ਨੂੰ ਦੂਰ ਕਰਦਾ ਹੈ। ਹੁਣ ਉਹਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕੋਈ ਪਵਿੱਤਰ ਗ੍ਰੰਥ ਤੁਹਾਨੂੰ ਗਲੇ ਨਹੀਂ ਲਗਾ ਸਕਦਾ। ਕੇਵਲ ਇੱਕ ਮਨੁੱਖ ਹੀ ਇਹ ਕਰ ਸਕਦਾ ਹੈ। ਗ੍ਰੰਥ ਸਾਹਿਬ ਇਹ ਸਭ ਗੱਲਾਂ ਕਹਿ ਰਹੇ ਹਨ। ਇਸੇ ਲਈ ਜਦੋਂ ਮਹਾਰਾਜ ਨੇ ਇਹ ਪ੍ਰਵਚਨ ਦਿੱਤਾ ਤਾਂ ਉਹ ਕੁਝ ਨਹੀਂ ਕਰ ਸਕੇ। ਉਹ ਉਨ੍ਹਾਂ ਦੇ ਪਵਿੱਤਰ ਗ੍ਰੰਥ ਸਾਹਿਬ ਵਿਚੋਂ ਪ੍ਰਵਚਨ ਕਰ ਰਹੇ ਸਨ। ਲੰਬੀ ਕਹਾਣੀ ਨੂੰ ਛੋਟਾ ਕਰਕੇ ਦੱਸਿਆ ਜਾਵੇ ਤਾਂ ਇਹ ਕਿ ਜਿਹੜੇ ਮਾਹਰਾਜ ਜੀ ਨੂੰ ਮਾਰਨ ਆਏ ਸਨ, ਉਨ੍ਹਾਂ ਵਿਚੋਂ ਬਹੁਤੇ ਉਨ੍ਹਾਂ ਦੇ ਚੇਲੇ ਬਣ ਗਏ।

ਸੋ ਸਾਨੂੰ ਕਦੀ ਨਹੀਂ ਪਤਾ ਲਗ ਸਕਦਾ ਕਿ ਸਤਿਗੁਰੂ ਕਿਵੇਂ ਕਾਰਜ ਕਰਦਾ ਹੈ। ਉਹ ਇਹ ਸਭ ਕੁਝ ਕਿਦਾਂ ਕਰਦਾ ਹੈ । ਉਹ ਸਾਡੀ ਪੱਧਰ ਤੇ ਆ ਕੇ ਉਹ ਕੰਮ ਕਰ ਸਕਦਾ ਹੈ ਜਿਸ ਨਾਲ ਸਾਨੂ ਮਹਿਸੂਸ ਹੁੰਦਾ ਹੈ ਕਿ ਇਹ ਕੋਈ ਵਿਦਿਆਰਥੀ-ਅਧਿਆਪਕ ਦਾ ਰਿਸ਼ਤਾ ਨਹੀਂ । ਇਕ ਸਤਿਗੁਰੂ ਨਾਲ ਤੁਹਾਨੂੰ ਤੁਹਾਨੂੰ ਇੱਕ ਸੱਚੀ ਦੋਸਤੀ ਦਾ ਅਨੁਭਵ ਹੁੰਦਾ ਹੈ । ਤੁਸੀਂ ਅਸਲੀ ਪਿਆਰ ਦਾ ਅਨੁਭਵ ਕਰਦੇ ਹੋ

ਜੋ ਬਿਨਾ ਕਿਸੇ ਸ਼ਰਤ ਦੇ ਹੁੰਦਾ ਹੈ। ਇਹ ਬਹੁਤ ਹੀ ਵਧੀਆ ਤਰਾਂ ਦਾ ਅਨੁਭਵ ਹੁੰਦਾ ਹੈ।

ਇਸ ਲਈ ਮੈਂ ਸਮਝਦਾ ਹਾਂ ਕਿ ਰੂਹਾਨੀ ਰਸਤੇ ਨੂੰ ਜਾਣਨਾ ਚੰਗੀ ਗੱਲ ਹੈ ਪਰ ਰੂਹਾਨੀ ਮਾਰਗ ਦੀ ਅਸਲੀਅਤ ਨੂੰ ਨਹੀਂ ਭੁੱਲਣਾ ਚਾਹੀਦਾ। ਰੂਹਾਨੀ ਰਸਤਾ ਅੰਤ ਵਿੱਚ ਪਿਆਰ ਅਤੇ ਗੁਰਭਕਤੀ ਦਾ ਰਸਤਾ ਹੈ।

ਮੈਂ ਤੁਹਾਡੇ ਸਾਰਿਆਂ ਲਈ ਉਚੇ ਅੰਦਰਲੇ ਰੂਹਾਨੀ ਅਨੁਭਵਾਂ ਦੀ ਕਾਮਨਾ ਕਰਦਾ ਹਾਂ। ਜਿਵੇਂ ਤੁਸੀਂ ਇਨ੍ਹਾਂ ਸਥੂਲ ਅਨੁਭਵਾਂ ਲਈ ਇਥੇ ਆਏ ਹੋ, ਉਂਞ ਹੀ ਰੂਹਾਨੀ ਅਨੁਭਵ ਵੀ ਲਵੋ । ਉਥੇ ਪਹੁੰਚਣ ਲਈ ਆਪਣੇ ਸਾਰੇ ਢੰਗਾਂ ਦੀ ਵਰਤੋਂ ਕਰੋ, ਪਰ ਇਹ ਨਾ ਭੁਲੋ ਕਿ ਅੰਤ ਵਿਚ ਕੇਵਲ ਇੱਕ ਪਰਮ ਸੰਤ ਸਤਿਗੁਰੂ ਦੇ ਬੇ ਸ਼ਰਤ ਪਿਆਰ ਦੀ ਖਿੱਚ ਹੀ ਤੁਹਾਨੂੰ ਮਨ ਤੋਂ ਉੱਪਰ ਲੈ ਕੇ ਜਾਵੇਗੀ।

ਤੁਹਾਡਾ ਧੰਨਵਾਦ। ਹੁਣ ਅਸੀਂ ਇਕ break ਲਵਾਂਗੇ। ਮੈਨੂੰ ਲਗਦਾ ਹੈ ਕਿ ਮੈਂ ਕੁਝ ਪੀਜ਼ੇ ਆਉਂਦੇ ਵੇਖੇ ਸਨ। ਮੈਨੂੰ ਪਤਾ ਹੈ ਕਿ ਪੀਜ਼ਾ ਮੇਰੇ ਕਮਜ਼ੋਰੀ ਹਨ। ਜਦੋਂ ਮੈਂ ਇਸ ਦੇਸ਼ ਵਿਚ ਆਇਆ ਸੀ ਤਾਂ Ye olde shakeys ਦਾ ਪੀਜ਼ਾ ਮੈਨੂੰ ਬਹੁਤ ਪਸੰਦ ਸੀ ਅਤੇ ਮੈਨੂੰ ਲਗਿਆ ਕਿ ਸ਼ਾਇਦ ਮੈਂ ਆਪਣੀ ਆਤਮਿਕ ਸ਼ਕਤੀ ਗੁਆ ਬੈਠਾ ਹਾਂ ਕਿਉਂਕਿ ਜਦੋਂ ਮੈਂ ਅਭਿਆਸ ਕਰਨ ਦੀ ਕੋਸ਼ਿਸ਼ ਕਰਦਾ ਸੀ ਤਾਂ ਮੇਰੇ ਮੂਹੋਂ ਨਿਕਲਦਾ, "ਯੀ ਓਲਡ ਸ਼ੇਕੀ, ਯੀ ਓਲਡ ਸ਼ੇਕੀ।" ਸੋ ਜਿਵੇਂ ਤੁਸੀਂ ਦੇਖ ਰਹੇ ਹੋ ਕਿ ਸਿਰਫ ਪੀਜ਼ੇ ਨੇ ਹੀ ਮੇਰਾ ਮੰਨ ਖਿੰਡਾ ਦਿਤਾ। ਪਰ ਜੇ ਤੁਹਾਡੇ ਅੰਦਰ ਸਤਿਗੁਰੂ ਦਾ ਨੂਰੀ ਸਰੂਪ ਪ੍ਰਗਟ ਹੈ ਤਾਂ ਕੋਈ ਵੀ ਚੀਜ ਤੁਹਾਡੀ ਧਿਆਨ ਨਹੀਂ ਭੰਗ ਕਰ ਸਕੇਗੀ। ਚਿੰਤਾ ਨਾ ਕਰੋ । ਤੁਹਾਡਾ ਧੰਨਵਾਦ।

ਚੰਗਾ , ਸਾਡੇ ਕੋਲ ਥੋੜੇ ਸਵਾਲ ਅਤੇ ਜਵਾਬਾਂ ਲਈ ਕੁਝ ਸਮਾਂ ਹੈ. ਕਿਸੇ ਦਾ ਕੋਈ ਸਵਾਲ ਹੈ? ਮੈਨੂੰ ਲਗਦਾ ਹੈ ਕਿ ਉਨ੍ਹਾਂ ਨੇ ਆਪਣੇ ਇੰਟਰਵਿਊਆਂ ਵਿੱਚ ਪਹਿਲਾਂ ਤੋਂ ਹੀ ਪ੍ਰਸ਼ਨ ਪੁੱਛ ਲਏ ਹਨ, ਪਰ ਉਸਨੇ ਨਹੀਂ ਪੁਛਿਆ, ਸੋ ਉਹ ਇੱਕ ਸਵਾਲ ਪੁੱਛ ਸਕਦਾ ਹੈ.

ਪ੍ਰਸ਼ਨ: (ਸੁਣਾਈ ਨਹੀਂ ਦਿੱਤਾ)

ਉੱਤਰ : ਬਹੁਤ ਵਧੀਆ ਸਵਾਲ. ਇਸ ਨੂੰ ਪੁੱਛਣ ਲਈ ਤੁਹਾਡਾ ਧੰਨਵਾਦ. ਉਹ ਇਹ ਬੁਨਿਆਦੀ ਸਵਾਲ ਪੁੱਛ ਰਿਹਾ ਹੈ ਕਿ , " ਜਦੋਂ ਅਸੀਂ ਆਪਣੇ ਸੱਚੇ ਘਰ ਵਿੱਚ ਖੁਸ਼ ਅਤੇ ਪ੍ਰਸੰਨ ਸਾਂ ਤਾਂ ਇਹ ਸੰਸਾਰ ਕਿਉਂ ਬਣਾਇਆ ਗਿਆ ਹੈ? ਜਦੋਂ ਅਸੀਂ ਖੁਸ਼ੀ ਨਾਲ ਜੀ ਰਹੇ ਸੀ ਤਾਂ ਕਿਸ ਕਰਕੇ ਅਸੀਂ ਇਸ negativity ਨਾਲ ਭਰਪੂਰ ਮਨ ਦੇ ਇਨ੍ਹਾਂ ਤਿੰਨਾਂ ਲੋਕਾਂ ਵਿਚ ਆਏ ?"

ਉਲੇਖਾਂ ਤੋਂ ਪਤਾ ਲਗਦਾ ਹੈ ਜਿੰਨੀਆਂ ਵੀ ਰੂਹਾਂ ਪੈਦਾ ਹੋਈਆਂ, ਉਨ੍ਹਾਂ ਵਿਚੋਂ ਲਗਭਗ 90 ਪ੍ਰਤੀਸ਼ਤ ਕੀਤੇ ਨਹੀਂ ਗਈਆਂ . ਉਹ ਅਜੇ ਵੀ ਉਥੇ ਵਧੀਆ ਸਮਾਂ ਬਤੀਤ ਕਰ ਰਹੀਆਂ ਹਨ. ਅਤੇ ਅਸੀਂ ਕੌਣ ਹਾਂ - ਉਹ 10 ਪ੍ਰਤਿਸ਼ਤ - ਇੱਥੇ ਅਤੇ ਬਾਕੀ ਦੇ ਇਹਨਾਂ ਤਿੰਨਾਂ ਲੋਕਾਂ ਵਿਚ ਬੈਠੇ ਹੋਏ ? ਇੱਥੇ ਆਉਣ ਦਾ ਮੁੱਖ ਉਦੇਸ਼ ਕੀ ਸੀ? ਹੁਣ ਇਹ ਇਕ ਚੰਗਾ ਸਵਾਲ ਹੈ. ਅਸੀਂ ਇੱਥੇ ਕਿਉਂ ਆਏ ? ਸ੍ਰਿਸ਼ਟੀ ਦਾ ਕੀ ਮਕਸਦ ਹੈ?

ਕਾਰਨ ਇਹ ਹੈ ਕਿ ਸਾਡੀ ਅਸਲੀਅਤ ਚੇਤਨਾ ਹੈ। ਸਾਡਾ ਸੱਚਾ ਘਰ ਚੇਤਨਾ ਦਾ ਸਾਗਰ ਹੈ, ਅਤੇ ਹਰੇਕ ਪੱਧਰ ਉਤੇ ਸਾਰੇ ਅਨੁਭਵਾਂ ਦੀ ਬੁਨਿਆਦ ਚੇਤਨਾ ਹੈ। ਚੇਤਨਾ ਇੱਕ ਅਜਿਹੀ ਸ਼ਕਤੀ ਹੈ ਜਿਸ ਦੁਆਰਾ ਤੁਸੀਂ ਕਿਸੇ ਵੀ ਚੀਜ ਬਾਰੇ ਚੇਤੰਨ ਹੋ ਸਕਦੇ ਹੋ। ਇਸ ਲਈ ਇਹ ਇੱਕ ਕੁਦਰਤੀ ਸ਼ਕਤੀ ਹੈ। ਇਸ ਦਾ ਮਤਲਬ ਹੈ ਕਿ ਜੇ ਤੁਸੀਂ ਜਿਸ ਕਿਸੇ ਚੀਜ ਦਾ ਅਨੁਭਵ ਕਰਨਾ ਚਾਹੁੰਦੇ ਹੋ, ਚੇਤਨਾ ਉਸ ਬਾਰੇ ਚੇਤੰਨ ਹੋ ਸਕਦੀ ਹੈ, ਜਿਸ ਨਾਲ ਅਨੁਭਵ ਪੈਦਾ ਹੁੰਦਾ ਹੈ। ਉਹ ਅਸਲੀ ਬਣ ਜਾਂਦਾ ਹੈ ਅਤੇ ਤਦ ਤੁਹਾਨੂੰ ਉਸਦਾ ਅਨੁਭਵ ਹੁੰਦਾ ਹੈ। ਵੱਡੀ ਗਿਣਤੀ ਵਿਚ, ਅਣਗਿਣਤ ਆਤਮਾਵਾਂ ਜੋ ਸਾਡੇ ਸੱਚੇ ਘਰ ਵਿਚ ਬਣੀਆਂ ਸਨ, ਖੁਦ ਹੀ ਸਮੁੱਚੀ ਚੇਤਨਾ ਵਿਚ ਇਕ ਕਿਰਿਆ ਸੀ ਤਾਂ ਕਿ ਇਕੋ ਵੇਲੇ ਇਕ ਅਤੇ ਅਨੇਕ ਦਾ ਅਨੁਭਵ ਹੋ ਸਕੇ । ਇਸ ਤਰਾਂ ਅਜੇ ਵੀ ਸਾਡੇ ਸਚੇ ਘਰ ਵਿਚ ਹੋ ਰਿਹਾ ਹੈ ਜਿੱਥੇ ਕੋਈ ਦਰਦ ਨਹੀਂ ਹੈ, ਕੋਈ ਦੁੱਖ ਨਹੀਂ ਹੈ, ਇਹ ਕੁਝ ਵੀ ਨਹੀਂ ਹੈ। ਇਸ ਲਈ ਹੁਣ ਅਸੀਂ ਇਹ ਵਰਣਨ ਕਰ ਰਹੇ ਹਾਂ ਕਿ ਸਾਡਾ ਸੱਚਾ ਘਰ ਕਿਹੋ ਜਿਹਾ ਹੈ, ਉਥੋਂ ਸਾਨੂੰ ਇੱਥੇ ਆਉਣ ਦੀ ਕੀ ਜ਼ਰੂਰਤ ਹੋਈ, ਜਿਆਦਾਤਰ ਰੂਹਾਂ ਇਥੇ ਆਈਆਂ ਹੀ ਨਹੀਂ। ਦੂਜੀਆਂ ਹੇਠਲੇ ਪਧਰ ਦੀਆਂ ਦੁਨੀਆਵਾਂ ਬਣਾਉਣ ਦਾ ਕੀ ਮਕਸਦ ਸੀ। ਮਨ ਦੀਆਂ ਤਿੰਨੋ ਦੁਨਿਆ ਦੀ ਰਚਨਾ ਕਿਉਂ ਹੋਈ ? ਮਕਸਦ ਇਹ ਸੀ ਕਿ ਚੇਤਨਾ ਇਸ ਆਧਾਰ ਤੇ ਕੰਮ ਕਰਦੀ ਹੈ ਕੀ ਇਸ ਸਮੇ ਕੇਹੜਾ ਅਨੁਭਵ ਚੱਲ ਰਿਹਾ ਹੈ ਅਤੇ ਹੋਰ ਕਿਸ ਚੀਜ ਦਾ ਅਨੁਭਵ ਹੋ ਸਕਦਾ ਹੈ। ਜੇ ਇਦਾ ਨਾਂ ਹੁੰਦਾ ਤਾਂ ਕੋਈ ਸ੍ਰਿਸ਼ਟੀ ਨਹੀਂ ਸੀ ਹੋਣੀ। ਜੇਕਰ ਚੇਤਨਾ ਕਹਿੰਦੀ ਹੈ, "ਮੈਂ ਕਿਸੇ ਬਾਰੇ ਸਚੇਤ ਹੋ ਸਕਦੀ ਹਾਂ" ਪਰ ਕਿਸੇ ਬਾਰੇ ਨਹੀਂ ਸੁਚੇਤ ਹੁੰਦੀ ਤਾਂ ਉਹ ਚੇਤਨਾ ਨਹੀਂ ਰਹਿੰਦੀ ।

ਚੇਤਨਾ ਇੱਕ ਅਨੁਭਵ ਹੈ। ਚੇਤਨਾ ਕਿਸੇ ਚੀਜ ਬਾਰੇ ਸੁਚੇਤ ਹੋਣ ਕਰਕੇ ਜਿਉਂਦੀ ਰਹਿੰਦੀ ਹੈ। ਇਸ ਲਈ, ਚੇਤਨਾ ਦੀ ਸਿਰਜਣਾਤਮਕ ਸ਼ਕਤੀ ਹਮੇਸ਼ਾ ਕੰਮ ਕਰ ਰਹੀ ਹੁੰਦੀ ਹੈ। ਇਹ ਇਕ ਵਿਚ ਅਨੇਕ ਦਾ ਅਨੁਭਵ ਬਣਾ ਸਕਦੀ ਹੈ। ਇਹ ਪਹਿਲਾ ਅਨੁਭਵ ਹੈ ਅਤੇ ਇਹ ਇਸ ਵੇਲੇ ਵੀ ਸਾਡੇ ਸੱਚੇ ਘਰ ਵਿੱਚ ਵਾਪਰ ਰਿਹਾ ਹੈ। ਜਦੋਂ ਵਿਰੋਧੀ ਅਨੁਭਵ ਹੁੰਦੇ ਹਨ ਜਿਵੇਂ ਇਕ ਅਤੇ ਅਨੇਕ ਵਿਰੋਧੀ ਅਨੁਭਵ ਹਨ ਤਦ ਇਸ ਨੂੰ ਪਤਾ ਲਗਦਾ ਹੈ ਕਿ ਇਕ ਦਾ ਅਨੁਭਵ ਅਸਲੀ ਹੁੰਦਾ ਹੈ; ਅਨੇਕ ਦਾ ਨਹੀਂ । ਪਰ ਅਨੇਕ ਦਾ ਅਨੁਭਵ ਇੱਕ ਨੂੰ ਹੋਰ ਅਸਲੀ ਬਣਾ ਦਿੰਦਾ ਹੈ। ਤੁਸੀਂ ਅਨੇਕ ਅਤੇ ਇੱਕ ਦੇ ਵਿੱਚ ਫਰਕ ਮਹਿਸੂਸ ਕਰਦੇ ਹੋ। ਸਿਰਜਣਾ ਅਤੇ ਸਿਰਜਨਹਾਰ ਦਾ ਇਹ ਫਰਕ ਚੇਤਨਾ ਦੇ ਅਨੁਭਵ ਪੈਦਾ ਕਰਦਾ ਹੈ।

ਇਸ ਲਈ, ਤੁਸੀਂ ਜਿੰਨੇ ਜਿਆਦਾ ਹਾਲਾਤ ਪੈਦਾ ਕਰ ਸਕਦੇ ਹੋ ਜਿਨ੍ਹਾਂ ਵਿਚ ਜਿਆਦਾ ਵਿਰੋਧੀ ਅਨੁਭਵ ਹੋਣ ਤਾਂ ਇਕ ਦਾ ਅਨੁਭਵ ਉਨਾਂ ਹੀ ਜ਼ਿਆਦਾ ਕੀਮਤੀ ਹੋ ਜਾਂਦਾ ਹੈ। ਹੁਣ ਇਸ ਨੂੰ ਵਧੇਰੇ ਸਥੂਲ ਸ਼ਬਦਾਵਲੀ ਵਿੱਚ ਰੱਖਣ ਦੀ ਕੋਸ਼ਿਸ਼ ਕਰਦੇ ਹਾਂ। ਕਿਉਂ ਕਿ ਇਸ ਨੂੰ ਦਰਸਾਉਣ ਲਈ ਕੋਈ ਸਥੂਲ ਪਰਿਭਾਸ਼ਾ ਨਹੀਂ, ਇਹ ਚੇਤਨਾ ਦੀ ਉਸ ਸ਼ਕਤੀ ਦੀ ਗੱਲ ਹੈ ਜਿਸ ਨਾਲ ਇਹ ਇਕ ਅਤੇ ਅਨੇਕ ਦਾ ਰੂਪ ਧਾਰਦੀ ਹੈ , ਇਹ ਗੱਲ ਸਾਨੂੰ ਇਥੇ ਸਥੂਲ ਮੰਡਲ ਵਿਚ ਸਮਝ ਨਹੀਂ ਆਉਂਦੀ। ਜਿਵੇਂ ਅਸੀਂ ਕਹਿੰਦੇ ਹਾਂ ਕਿ ਇਥੇ ਅਸੀਂ ਬਹੁਤ ਸਾਰੇ ਹਾਂ। ਠੀਕ ਹੈ ਅਸੀਂ ਬਹੁਤ ਹਾਂ। ਸਾਡੀ ਅਸਲੀਅਤ ਸਾਡੀ ਆਤਮਾ ਹੈ। ਪਰ ਅਸੀਂ ਬਹੁਤ ਬਹੁਤ ਸਾਰੀਆਂ ਆਤਮਾਵਾਂ ਹਾਂ

ਅਸੀਂ ਥੋੜੀ ਗਿਣਤੀ ਦੀਆਂ ਆਤਮਾਵਾਂ ਹਾਂ ਜਿਨ੍ਹਾਂ ਨੇ ਇਥੇ ਆਉਣ ਬਾਰੇ ਚੁਣਿਆ। ਇਥੇ ਦਾ ਅਨੁਭਵ ਸਾਡੇ ਸਚੇ ਘਰ ਦੇ ਅਨੁਭਵ ਤੋਂ ਬਿਲਕੁਲ ਉਲਟ ਹੈ। ਇਥੇ ਅਸੀਂ ਇਕ negative ਅਨੁਭਵ ਵਿਚ ਵਿਚਰ ਰਹੇ ਹਾਂ । ਉਹ ਅਨੁਭਵ positive ਕਿਵੇਂ ਬਣਦਾ ਜੇਕਰ ਕੋਈ negative ਅਨੁਭਵ ਹੁੰਦਾ ਹੀ ਨਹੀਂ ? ਤੁਹਾਨੂੰ positivity ਦਾ ਅਨੁਭਵ ਉਦੋਂ ਹੀ ਹੁੰਦਾ ਹੈ ਜਦੋਂ ਤੁਸੀਂ negativity ਦਾ ਅਨੁਭਵ ਲੈ ਚੁੱਕੇ ਹੁੰਦੇ ਹੋ।

ਸੋ ਸਾਰੀ ਸ੍ਰਿਸ਼ਟੀ ਦੇ ਨਿਰਮਾਣ ਦਾ ਪੂਰਾ ਸਿਧਾਂਤ ਵਿਰੋਧੀ ਤੱਥਾਂ ਦੀਆਂ ਜੋੜੀਆਂ ਤੇ ਅਧਾਰਤ ਹੈ ਜੋ ਬਿਲਕੁਲ ਇਕ ਦੂਜੇ ਦੇ ਉਲਟ ਹੁੰਦੇ ਹਨ। ਇਸ ਲਈ ਵਿਰੋਧੀ ਤੱਥਾਂ ਦੀਆਂ ਜੋੜੀਆਂ ਦੇ ਇਸ ਸਿਧਾਂਤ ਨੂੰ ਦਵੈਤ ਕਿਹਾ ਜਾਂਦਾ ਹੈ। ਦਵੈਤ ਦਾ ਸਿਧਾਂਤ ਸਾਰੀ ਸ੍ਰਿਸ਼ਟੀ ਵਿੱਚ ਪ੍ਰਬਲ ਹੈ ਅਤੇ ਕਿਸੇ ਵੀ ਚੀਜ ਦਾ ਅਨੁਭਵ ਨਹੀਂ ਕੀਤਾ ਜਾ ਸਕਦਾ ਜਦ ਤਕ ਉਸ ਤੋਂ ਉਲਟ ਚੀਜ ਦਾ ਅਨੁਭਵ ਨਾਂ ਹੋਵੇ। ਇੱਥੇ ਇਸ ਸੰਸਾਰ ਵਿਚ ਹੀ ਦੇਖ ਲਵੋ। ਅਸੀਂ ਚਾਨਣਾ ਦੇਖਦੇ ਹਾਂ। ਮਨ ਲਵੋ ਕਿ ਹਨੇਰਾ ਹੁੰਦਾ ਹੀ ਨਾਂ। ਕੀ ਅਸੀਂ ਚਾਨਣੇ ਨੂੰ ਦੇਖ ਸਕਦੇ ਸੀ ? ਅਸੀਂ ਕਦੇ ਵੀ ਚਾਨਣੇ ਨੂੰ ਨਹੀਂ ਸੀ ਦੇਖ ਸਕਦੇ । ਹਨੇਰੇ ਤੋਂ ਬਗੈਰ ਚਾਨਣੇ ਨੇ ਗਾਇਬ ਹੋ ਜਾਣਾ ਸੀ। ਮਨ ਲਵੋ ਕਿ ਕੁਝ ਚਾਨਣਾ ਹਮੇਸ਼ਾਂ ਰਹਿੰਦਾ ਚਾਹੇ ਤੁਸੀਂ ਅੱਖਾਂ ਬੰਦ ਕਰਦੇ ਜਾਨ ਅੱਖਾਂ ਖੋਲਦੇ ਤਾਂ ਅਸੀਂ ਚਾਨਣੇ ਨੂੰ ਕਦੀ ਨਾਂ ਦੇਖ ਪਾਂਦੇ। ਕਿਸੇ ਵੀ ਚੀਜ ਨੂੰ ਅਨੁਭਵ ਕਰਨ ਦਾ ਸਿਧਾਂਤ ਉਸ ਤੋਂ ਉਲਟ ਚੀਜ ਦੇ ਅਨੁਭਵ ਤੇ ਅਧਾਰਿਤ ਹੈ । ਜੇਕਰ ਇਸ ਸੰਸਾਰ ਵਿਚ ਕੋਈ ਕਿਸੇ ਨਾਲ ਨਫ਼ਰਤ ਨਾਂ ਕਰਦਾ ਤਾਂ ਕੀ ਤੁਸੀਂ ਜਾਣ ਪਾਉਂਦੇ ਕੀ ਪਿਆਰ ਕੀ ਹੈ? ਜੇਕਰ ਇਸ ਸੰਸਾਰ ਵਿੱਚ ਕੋਈ ਦੁੱਖ ਨਾਂ ਹੁੰਦਾ ਤਾਂ ਕਿ ਤੁਸੀਂ ਜਾਣ ਪਾਉਂਦੇ ਕੀ ਸੁਖ ਕੀ ਹੈ? ਜੇਕਰ ਕਿਸੇ ਚੀਜ਼ ਦਾ ਵਿਰੋਧੀ ਤੱਥ ਨਾਂ ਹੋਵੇ ਤਾਂ ਤੁਸੀਂ ਉਸ ਤੋਂ ਉਲਟ ਤੱਥ ਦਾ ਅਨੁਭਵ ਨਹੀਂ ਕਰ ਸਕਦੇ । ਇਹ ਸ੍ਰਿਸ਼ਟੀ ਦੇ ਸਭ ਤੋਂ ਬਾਰੀਕ ਅਣੂ ਪੱਧਰ ਤੇ ਵੀ ਲਗੂ ਹੁੰਦਾ ਹੈ ਕੀ ਜੇਕਰ ਇਕ ਐਟਮ ਦਾ positive ਅਤੇ negative ਹਿੱਸਾ ਨਾ ਹੁੰਦਾ ਤਾਂ ਉਹ ਹੋਣਾ ਹੀ ਨਹੀਂ ਸੀ। ਜੇ ਦੋਵੇਂ negative ਹੁੰਦੇ ਤਾਂ ਉਹ ਅਲੋਪ ਹੋ ਜਾਂਦਾ, ਜੇ ਦੋਵੇਂ positive ਹੁੰਦੇ ਤਾਂ ਵੀ ਉਹ ਅਲੋਪ ਹੋ ਜਾਂਦਾ। ਕਿਸੇ ਪਾਸਿਟਿਵ ਪ੍ਰੋਟੋਨ ਜਾਂ ਨਿਊਟਰਨ ਦੇ ਆਲੇ ਦੁਆਲੇ ਪਦਾਰਥ ਦੀ ਸਿਰਜਨਾ ਕਰਨ ਲਈ ਇੱਕ negative ਇਲੈਕਟ੍ਰੋਨ ਦੀ ਜ਼ਰੂਰਤ ਹੁੰਦੀ ਹੈ। ਇਹ ਸਿਧਾਂਤ ਸ੍ਰਿਸ਼ਟੀ ਦੇ ਹਰ ਸ੍ਰੋਤ ਅਤੇ ਪੱਧਰ ਤੋਂ ਲੈ ਕੇ ਸੱਚਖੰਡ ਤਕ ਲਾਗੂ ਹੁੰਦਾ ਹੈ। ਵਿਰੋਧ ਤੱਥਾਂ ਦੇ ਜੋੜਿਆਂ ਦਾ ਸਿਧਾਂਤ ਬਹੁਤ ਮਹਾਨ ਹੈ। ਮਨ ਦੀਆਂ ਤਿੰਨੇ ਦੁਨੀਆਂ ਇਸੇ ਦਵੈਤ ਦੇ ਸਿਧਾਂਤ ਤੇ ਕੰਮ ਕਰਦਿਆਂ ਹਨ। ਪਰ ਸਾਡਾ ਸੱਚਾ ਘਰ ਦਵੈਤ ਦੀ ਦੁਨੀਆ ਨਹੀਂ ਹੈ, ਕਿਉਂਕਿ ਉਥੇ ਚੀਜਾਂ ਨੂੰ ਵੱਖ ਕਰਨ ਲਈ ਕੋਈ ਸਮਾਂ ਅਤੇ ਸਥਾਨ ਨਹੀਂ ਹੈ। ਪਰ ਜੇਕਰ ਉਥੇ ਦਵੈਤ ਨਹੀਂ ਹੈ ਤੁਸੀਂ ਉਥੇ ਕਿਸੇ ਚੀਜ ਦਾ ਅਨੁਭਵ ਕਿਸ ਤਰਾਂ ਕਰ ਸਕਦੇ ਹੋ ? ਤੁਸੀਂ ਉਥੇ ਕਿਵੇਂ ਅਨੁਭਵ ਪ੍ਰਾਪਤ ਕਰਦੇ ਹੋ? ਇਹ ਦਵੈਤ ਦੀ ਦੁਨੀਆਂ ਜੋ ਅਸੀਂ ਇਥੇ ਬਣਾਉਂਦੇ ਹਾਂ ਇਹ ਉਸ ਅਦਵੈਤ ਦੀ ਦੁਨੀਆਂ ਤੋਂ ਪ੍ਰਤੀਕੂਲ ਹੁੰਦੀ ਹੈ। ਦਵੈਤ ਦਾ ਸਿਧਾਂਤ ਉਥੇ ਹੁਣ ਵੀ ਲਾਗੂ ਹੋ ਰਿਹਾ ਹੈ।

ਇਸ ਲਈ ਮਨ ਦੀਆਂ ਤਿੰਨੋ ਦੁਨੀਆਂ ਦੇ ਨਿਰਮਾਣ ਦਾ ਉਦੇਸ਼ ਅਸਲ ਵਿੱਚ ਆਪਣੇ ਸੱਚੇ ਘਰ ਦੇ ਅਨੁਭਵ ਨੂੰ ਵਧਾਉਣ ਲਈ ਸੀ. ਤੁਸੀਂ ਉਦੋਂ ਤੱਕ ਕੋਈ ਅਨੁਭਵ ਨਹੀਂ ਕਰ ਸਕਦੇ ਜਦੋਂ ਤੱਕ ਤੁਸੀਂ ਉਸਦੇ ਪ੍ਰਤੀਕੂਲ ਅਨੁਭਵ ਤੋਂ ਨਾਂ ਗੁਜ਼ਰੇ ਹੋਵੋ. ਇਸੇ ਕਰਕੇ ਕਬੀਰ ਜੀ ਨੇ ਅਨੁਰਾਗ ਸਾਗਰ, ਪਿਆਰ ਦੇ ਸਾਗਰ ਵਿਚ ਉਨ੍ਹਾਂ ਨੇ ਦਸਿਆ ਕਿ ਜਿਹੜੀਆਂ ਰੂਹਾਂ ਹੇਠਾਂ ਉੱਤਰ ਆਈਆਂ ਹਨ, ਉਨ੍ਹਾਂ ਨੂੰ ਅਸੀਂ ਹੰਸ ਕਹਿੰਦੇ ਹਾਂ ਅਤੇ ਉਹ ਰੂਹਾਂ ਜਿਹੜੀਆਂ ਕਦੀ ਵੀ ਹੇਠਾਂ ਨਹੀਂ ਆਉਂਦੀਆਂ, ਅਸੀਂ ਉਨ੍ਹਾਂ ਨੂੰ ਬੰਸ ਕਹਿੰਦੇ ਹਾਂ. ਜਦੋਂ ਅਸੀਂ ਆਪਣੇ ਸੱਚੇ ਘਰ ਵਾਪਸ ਜਾਂਦੇ ਹਾਂ, ਤਾਂ ਸਾਡੀ ਖੁਸ਼ੀ ਦਾ ਠਿਕਾਨਾ ਨਹੀਂ ਹੁੰਦਾ. ਉਥੇ ਸਾਰੀਆਂ ਬੰਸ ਰੂਹਾਂ ਕੁਦਰਤੀ ਖੁਸ਼ੀ ਵਿਚ ਨਚ - ਗਾ ਰਹੀਆਂ ਹੁੰਦੀਆਂ ਹਨ. ਜਦੋਂ ਅਸੀਂ ਪਹੁੰਚਦੇ ਹਾਂ ਤਾਂ ਅਸੀਂ ਬਹੁਤ ਖੁਸ਼ ਹੁੰਦੇ ਹਾਂ. ਬੰਸ ਰੂਹਾਂ ਕਹਿੰਦਿਆਂ ਹਨ, "ਤੁਹਾਡੇ ਵਿਚ ਕੀ ਖਾਸ ਹੈ ਕਿ ਤੁਸੀਂ ਸਾਡੇ ਨਾਲੋਂ ਵਧੀਆ ਨੱਚ ਰਹੇ ਹੋ? ਕੀ ਖਾਸ ਹੈ? " ਅਸੀਂ ਉਨ੍ਹਾਂ ਨੂੰ ਦੱਸਦੇ ਹਾਂ, "ਤੁਸੀਂ ਨਹੀਂ ਜਾਣਦੇ ਕਿਓਂ ਕੀ ਤੁਹਾਨੂੰ ਪ੍ਰਤੀਕੂਲ ਵੇਖਣ ਦਾ ਕੋਈ ਮੌਕਾ ਹੀ ਨਹੀਂ ਮਿਲਿਆ. ਅਸੀਂ ਪ੍ਰਤੀਕੂਲ ਵੇਖ ਚੁਕੇ ਹਾਂ ਅਤੇ ਅਸੀਂ ਇਥੇ ਦੀ ਉਨਾਂ ਨਾਲੋਂ ਵਧੇਰੇ ਪ੍ਰਸ਼ੰਸਾ ਕਰਦੇ ਹਾਂ ਜੋ ਹਮੇਸ਼ਾਂ ਇਥੇ ਹੀ ਰਹਿੰਦੇ ਰਹੇ ." ਇਸ ਲਈ ਇਹ ਸ੍ਰਿਸ਼ਟੀ ਦੀ ਰਚਨਾ ਦਾ ਇਕ ਮਹਾਨ ਸਿਧਾਂਤ ਹੈ ਤਾਂ ਜੋ ਅਸੀਂ

ਇਸ ਕਿਸਮ ਦੇ ਅਨੁਭਵ ਪ੍ਰਾਪਤ ਕਰਨ ਤੋਂ ਬਾਅਦ ਵਾਪਸ ਜਾਈਏ ਅਤੇ ਆਪਣੇ ਅਸਲ ਘਰ ਦਾ ਜਿਆਦਾ ਅਨੰਦ ਮਾਣ ਸਕੀਏ. ਇਹ ਹੈ ਅਸਲ ਕਾਰਨ.

ਕੋਈ ਹੋਰ ਸਵਾਲ?

ਪ੍ਰਸ਼ਨ : (ਸੁਣਾਈ ਨਹੀਂ ਦਿੱਤਾ)_____ ਹਨੇਰੇ ਲਈ ਅਤੇ ਕਿਸ ਤਰਾਂ ਦਾ ਅਨੁਭਵ ਸੀ, ਪਰ ਸਮੁੱਚੀ ਚੇਤਨਾ ਇਸ ਦੀ ਇਜਾਜ਼ਤ ਕਿਉਂ ਦੇਂਦੀ ਹੈ?

ਉੱਤਰ : ਇਹ negative ਅਨੁਭਵ ਜਿੰਨਾ ਜ਼ਿਆਦਾ ਤੀਬਰ ਹੁੰਦਾ ਹੈ, positive ਅਨੁਭਵ ਵੀ ਉਨੰਾਂ ਜਿਆਦਾ ਤੀਬਰ ਹੁੰਦਾ ਹੈ. ਜੇ negative ਅਨੁਭਵ ਸਿਰਫ positive ਅਨੁਭਵ ਨੂੰ ਹੋਰ ਤੀਬਰ ਕਰਨ ਲਈ ਹੀ ਸੀ ਤਾਂ ਅਸੀਂ ਇਸ ਭਿਆਨਕ ਕਸ਼ਟ ਵਾਲੇ ਅਨੁਭਵ ਤੋਂ ਗੁਜਰਨ ਦੀ ਮੁਸੀਬਤ ਕਿਉਂ ਮੁੱਲ ਲਈ ? ਕਾਰਨ ਇਹ ਹੈ ਕਿ positive ਅਨੁਭਵ ਹਮੇਸ਼ਾ ਅਸਲੀ ਹੁੰਦਾ ਹੈ. negative ਇਕ ਸਿਰਜਨ ਕੀਤਾ ਹੋਇਆ ਭਰਮ ਹੁੰਦਾ ਹੈ. ਉਦਾਹਰਣ ਵਜੋਂ, ਤੁਸੀਂ ਸੌਣ ਲਈ ਜਾਂਦੇ ਹੋ ਅਤੇ ਇਕ ਭਿਆਨਕ ਸੁਪਨਾ ਦੇਖਦੇ ਹੋ, ਬਹੁਤ ਹੀ ਭੈੜਾ ਸੁਪਨਾ. ਤੁਹਾਨੂੰ ਸੁਪਨਾ ਵਿੱਚ ਤਸੀਹੇ ਦਿੱਤੇ ਜਾਂਦੇ ਹਨ, ਤੁਹਾਨੂੰ ਬੁਰਾ ਲੱਗਦਾ ਹੈ ਅਤੇ ਫਿਰ ਤੁਸੀਂ ਜਾਗ ਜਾਂਦੇ ਹੋ ਤੁਸੀਂ ਕਹਿੰਦੇ ਹੋ, "ਰੱਬ ਦਾ ਸ਼ੁਕਰ ਹੈ, ਇਹ ਇਕ ਸੁਪਨਾ ਹੀ ਸੀ!" ਜਦੋਂ ਅਸੀਂ ਘਰ ਵਾਪਸ ਜਾਂਦੇ ਹਾਂ ਤਾਂ ਇਸੇ ਤਰਾਂ ਹੈ ਕਹਿੰਦੇ ਹਾਂ. "ਰੱਬ ਦਾ ਸ਼ੁਕਰ ਹੈ, ਇਹ ਸੁਪਨਾ ਹੀ ਸੀ!" ਇਹ ਸਿਰਫ ਜਾਗਰੂਕਤਾ ਦੇ ਅਨੁਭਵ ਨੂੰ ਹੋਰ ਗਹਿਰਾ ਬਣਾਉਣ ਲਈ ਹੀ ਬਣਾਇਆ ਗਿਆ ਸੀ. ਇਹ ਪ੍ਰਬੰਧ ਬਹੁਤ ਹੀ ਸ਼ਾਨਦਾਰ ਢੰਗ ਨਾਲ ਕੀਤਾ ਗਿਆ ਹੈ.

ਅਸੀਂ ਇੱਕ ਅਸਲੀ ਅਨੁਭਵ ਲੈਣਾ ਪਸੰਦ ਕਰਦੇ ਹਾਂ। ਅਸੀਂ ਪਰਛਾਵਾਂ ਨਹੀਂ ਚਾਹੁੰਦੇ। ਅਸੀਂ ਇੱਕ ਪਰਛਾਵਾਂ ਵੇਖ ਸਕਦੇ ਹਾਂ। ਪਰਛਾਵਾਂ ਕਦੇ ਵੀ ਸਾਡੇ ਵਰਗਾ ਨਹੀਂ ਹੁੰਦਾ। ਕੋਈ ਕਿਸ ਤਰਾਂ ਪਰਛਾਵੇਂ ਨਾਲ ਗੱਲ ਕਰ ਕਰਕੇ ਉਸ ਨਾਲ ਪਿਆਰ ਅਤੇ ਸ਼ਰਧਾ ਦੀ ਭਾਵਨਾ ਪੈਦਾ ਕਰ ਸਕਦਾ ਹੈ? ਇਕ ਪਰਛਾਵਾਂ ਸਾਡੇ ਲਈ ਕੁਝ ਕਿਵੇਂ ਕਰ ਸਕਦਾ । ਇੱਕ ਪਰਛਾਵਾਂ ਇਹ ਉਦੋਂ ਤੱਕ ਨਹੀਂ ਕਰ ਸਕਦਾ ਜਦੋਂ ਤੱਕ ਅਸੀਂ ਉਸ ਨੂੰ ਜਿੰਦਾ ਨਹੀਂ ਬਣਾਉਂਦੇ, ਉਸਨੂੰ ਆਪਣੇ ਵਰਗਾ ਨਹੀਂ ਬਣਾਉਂਦੇ। ਜੇ ਪਰਛਾਵਾਂ ਸਾਡੇ ਵਰਗਾ ਹੋ ਜਾਵੇ ਤਾਂ ਅਸੀਂ ਉਸ ਨਾਲ ਪਿਆਰ ਕਰਦੇ ਹਾਂ। ਫਿਰ ਬਾਅਦ ਵਿਚ ਅਸੀਂ ਸੋਚਦੇ ਹਾਂ ਉਹ ਤਾਂ ਕੇਵਲ ਇਕ ਪਰਛਾਵਾਂ ਸੀ ? ਅਸੀਂ ਇਹ ਕਿਉਂ ਕੀਤਾ? ਇਸ ਲਈ ਕੀਤਾ ਤਾਂ ਕੀ ਉਸ ਜਗਾ ਦਾ ਹੋਰ ਤੀਬਰ ਤਰੀਕੇ ਨਾਲ ਅਨੁਭਵ ਹੋ ਸਕੇ ਜਿੱਥੇ ਕੋਈ ਵੀ ਪਰਛਾਵਾਂ ਨਹੀਂ। ਇਹ ਇਕ ਅਨੋਖਾ ਤਰੀਕਾ ਹੈ । ਲੋਕ ਕਹਿੰਦੇ ਹਨ ਕਿ ਇਹ ਸ੍ਰਿਸ਼ਟੀ ਇਕ ਭੁਲੇਖਾ ਹੈ, ਸੁਪਨਾ ਦੀ ਤਰਾਂ ਹੈ ਪਰ ਮੈਂ ਕਹਿੰਦਾ ਹਾਂ ਕਿ ਇਹ ਰਚਨਾ ਸਾਡੇ ਲਈ ਹਕੀਕਤ ਦੀ ਸਿਰਜਣਾ ਹੈ। ਹਕੀਕਤ ਬਣਾਉਣ ਲਈ ਇਕ ਭਰਮ ਦਾ ਤਰੀਕਾ ਇਸਤੇਮਾਲ ਕੀਤਾ ਗਿਆ ਹੈ, ਸੁਪਨਿਆਂ ਦੀ ਇਹ ਪ੍ਰਕ੍ਰਿਆ ਇੱਕ ਹਕੀਕਤ ਬਣਾਉਣ ਲਈ ਵਰਤੀ ਜਾਂਦੀ ਹੈ। ਸਾਨੂੰ ਨਹੀਂ ਲੱਗਦਾ ਕਿ ਇਹ ਇੱਕ ਸੁਪਨਾ ਹੈ। ਸਾਨੂੰ ਲਗਦਾ ਹੈ ਕਿ ਇਹ ਅਸਲੀ ਹੈ। ਨਾ ਸਿਰਫ ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਅਸਲੀ ਹੈ ਬਲਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਏਹੀ ਸਿਰਫ ਇਕੋ ਇਕ ਅਸਲੀਅਤ ਹੈ।

ਹਕੀਕਤ ਪੈਦਾ ਕਰਨ ਲਈ ਇਹ ਚੇਤਨਾ ਦਾ ਇੱਕ ਸ਼ਾਨਦਾਰ ਅਜੂਬਾ ਹੈ ਕਿ ਤੁਸੀਂ ਸੁਪਨੇ ਦੀ ਸਥਿਤੀ ਵਿੱਚ ਜਾਕੇ ਉਸ ਸੁਪਨੇ ਨੂੰ ਸਾਕਾਰ ਕਰ ਸਕਦੇ ਹੋ। ਜਦੋਂ ਤੁਸੀਂ ਸੁਪਨੇ ਦੇਖ ਰਹੇ ਹੁੰਦੇ ਹੋ ਤਾਂ ਉਹ ਅਸਲੀ ਲਗਦਾ ਹੈ। ਜਿੰਨਾ ਚਿਰ ਸੁਪਨਾ ਚੱਲ ਰਿਹਾ ਹੁੰਦਾ ਹੈ, ਅਸੀਂ ਨਹੀਂ ਜਾਣਦੇ ਕਿ ਸਾਡਾ ਸਰੀਰ ਕਿੱਥੇ ਸੁੱਤਾ ਪਿਆ ਹੈ। ਅਸੀਂ ਇੱਕ ਵਖਰੇ ਸਰੀਰ ਵਿੱਚ ਆਲੇ ਦੁਆਲੇ ਘੁੰਮਦੇ ਹਾਂ ਜਿਸਨੂੰ ਇਕ ਸੁਪਨੇ ਵਾਲਾ ਸਰੀਰ ਕਿਹਾ ਜਾਂਦਾ ਹੈ। ਅਸਲੀ ਸਰੀਰ, ਸਥੂਲ ਸਰੀਰ, ਇਕ ਮੰਜੇ ਤੇ ਸੌਂ ਰਿਹਾ ਹੁੰਦਾ ਹੈ । ਅਸੀਂ ਸੁਪਨੇ ਵਿਚ ਘੁੰਮ ਰਹੇ ਹੁੰਦੇ ਹਾਂ। ਸੁਪਨਾ ਅਸਲ ਲਗਦਾ ਹੈ। ਭਾਵੇਂ ਤੁਸੀਂ ਸੁਪਨੇ ਵਿੱਚ ਕਹੋ , "ਇਹ ਇੱਕ ਸੁਪਨਾ ਹੈ, ਇਹ ਇੱਕ ਸੁਪਨਾ ਹੈ" ਅਤੇ ਕਦੇ-ਕਦੇ ਅਸੀਂ ਅਜਿਹਾ ਕਰਦੇ ਹਾਂ, ਅਸੀਂ ਅਜੇ ਵੀ ਇਸਨੂੰ ਅਸਲੀਅਤ ਵਾਂਗ ਲੈ ਰਹੇ ਹਾਂ ਅਤੇ ਅਸੀਂ ਲੋਕਾਂ ਨੂੰ ਕਹਿ ਰਹੇ ਹਾਂ, "ਆਓ, ਮੈਂ ਤੁਹਾਨੂੰ ਦੱਸਦਾ ਹਾਂ ਇਹ ਇੱਕ ਸੁਪਨਾ ਹੈ । "ਅਸੀਂ ਜਾਗਣ ਤੋਂ ਬਾਅਦ ਕਦੇ ਵੀ ਕਿਸੇ ਨੂੰ ਇਹ ਨਹੀਂ ਕਹਿੰਦੇ ਕੀ ਵਾਪਸ ਚਲੋ ਤਾਂ ਕੀ ਮੈਂ ਦਸ ਸਕਾ ਕੀ ਇਹ ਇਕ ਸੁਪਨਾ ਸੀ। ਇਹ ਸਿਧਾਂਤ ਜਿਸ ਦੁਆਰਾ ਤੁਸੀਂ ਚੇਤਨਾ ਦੀ ਪੱਧਰ ਨੂੰ ਕਿਸੇ ਹੋਰ ਪੱਧਰ ਤੇ ਲਿਜਾ ਕੇ ਇਸਨੂੰ ਅਸਲੀ ਬਣਾ ਸਕਦੇ ਹੋ, ਇਹ ਸਭ ਤੋਂ ਸੋਹਣਾ ਚਮਤਕਾਰ ਹੈ ਅਤੇ ਅਸੀਂ ਹਰ ਵਕਤ ਇਸਨੂੰ ਕਰਦੇ ਰਹਿੰਦੇ ਹਾਂ ।

ਅਸੀਂ ਆਪਣੀ ਚੇਤਨਾ ਨੂੰ ਇੱਕ ਜਾਗਣ ਵਾਲੀ ਸਥਿਤੀ ਤੋਂ ਇਕ ਸੁਪਨੇ ਦੀ ਸਥਿਤੀ ਤੱਕ ਲਿਜਾ ਕੇ ਸੁਪਨੇ ਨੂੰ ਪੂਰੀ ਤਰ੍ਹਾਂ ਜਾਗਣ ਵਾਂਗ ਕਰ ਸਕਦੇ ਹਾਂ, ਅਤੇ ਫਿਰ ਅਸੀਂ ਸੁਪਨੇ ਵਿੱਚ ਦੁਬਾਰਾ ਸੌਂ ਸਕਦੇ ਹਾਂ, ਇੱਕ ਸੁਪਨੇ ਦੇ ਅੰਦਰ ਇੱਕ ਹੋਰ ਸੁਪਨਾ ਦੇਖ ਸਕਦੇ ਹਾਂ, ਅਤੇ ਫਿਰ ਇਸਨੂੰ ਇਸ ਇਕ ਅਸਲੀ ਅਤੇ ਜਾਗਣ ਵਾਂਗ ਬਣਾ ਸਕਦੇ ਹਾਂ। ਇਹ ਇਕ ਬਹੁਤ ਸ਼ਾਨਦਾਰ ਗੱਲ ਹੈ!

ਚੇਤਨਾ ਕੋਲ ਇਹ ਸਭ ਕੁਝ ਕਰਨ ਦੀ ਸਮਰਥਾ ਹੁੰਦੀ ਹੈ ਅਤੇ ਉਹ ਹਰ ਸਮੇ ਇਦਾਂ ਕਰਦੀ ਰਹਿੰਦੀ ਹੈ. ਇਸੇ ਤਰਾਂ ਤਾਂ ਅਸੀਂ ਇੱਥੇ ਹਾਂ. ਭਾਵੇਂ ਮੈਨੂੰ ਪਤਾ ਵੀ ਹੋਵੇ ਕੀ ਤੁਸੀਂ ਸਾਰੇ ਸੁਪਨੇ ਦੇ ਜੀਵ ਹੋ, ਫਿਰ ਮੈਂ ਤੁਹਾਡੇ ਨਾਲ ਕਿਉਂ ਗੱਲਾਂ ਕਰ ਰਿਹਾ ਹਾਂ? ਕਿਉਂਕਿ ਮੈਂ ਤੁਹਾਨੂੰ ਅਸਲੀ ਸਮਝ ਰਿਹਾਂ ਹਾਂ. ਜੇ ਮੈਂ ਗਿਆਨਵਾਨ ਹਾਂ ਅਤੇ ਮੈਨੂੰ ਪਤਾ ਚੱਲ ਗਿਆ ਹੈ ਕੀ ਇਹ ਇਕ ਸੁਪਨਾ ਹੈ. ਫਿਰ ਮੈਂ ਤੁਹਾਡੇ ਨਾਲ

ਗੱਲ ਨਹੀਂ ਕਰਾਂਗਾ. ਪਰ ਮੈਂ ਫਿਰ ਵੀ ਆਪਣੇ ਅਤੇ ਤੁਹਾਡੇ ਸੁਪਨੇ ਵਿਚ ਤੁਹਾਡੇ ਨਾਲ ਗੱਲ ਕਰ ਰਿਹਾ ਹਾਂ .

ਮੈਂ ਕਿਓਂ ਤੁਹਾਡੇ ਨਾਲ ਆਪਣੇ ਸੁਪਨੇ ਵਿਚ ਗੱਲ ਕਰ ਰਿਹਾ ਹਾਂ? ਇਸਦਾ ਉੱਤਰ ਭਾਰਤ ਦੇ ਇਕ ਪ੍ਰਸਿੱਧ ਸਵਾਮੀ ਨੇ ਦਿੱਤਾ ਸੀ. ਉਨ੍ਹਾਂ ਦਾ ਨਾਮ ਵਿਵੇਕਾਨੰਦ ਸੀ. ਉਨ੍ਹਾਂ ਨੇ 100 ਤੋਂ ਜ਼ਿਆਦਾ ਸਾਲ ਪਹਿਲਾਂ ਸ਼ਿਕਾਗੋ ਵਿੱਚ ਧਰਮਾਂ ਦੇ ਵਿਸ਼ਵ ਕਾਂਗਰਸ ਨੂੰ ਸੰਬੋਧਿਤ ਕੀਤਾ. ਉਸਦੇ ਨਾਲ ਵਾਲੇ ਲੋਕਾਂ ਨੂੰ ਪਤਾ ਨਹੀਂ ਸੀ ਕਿ ਉਹ ਅੰਗਰੇਜ਼ੀ ਬੋਲ ਸਕਦੇ ਸਨ. ਉਹ ਦੋ ਦਿਨ ਤੱਕ ਉਸ ਕਾਨਫਰੰਸ ਵਿਚ ਬੋਲੇ. ਤੀਜੇ ਦਿਨ ਉਨ੍ਹਾਂ ਨੇ ਸਾਰੀ ਸੰਗਤ ਨੂੰ ਕਿਹਾ, "ਮੈਂ ਇਹ ਤਿੰਨ ਦਿਨ ਤੁਹਾਨੂੰ ਦੁਹਰਾਂਦਾ ਰਿਹਾਂ ਕਿ ਇਹ ਦੁਨੀਆ ਦੁਬਿਧਾ ਹੈ, ਮਾਇਆ ਹੈ, ਮਿਥਿਆ, ਅਸਥਿਰ, ਵਿਨਾਸ਼ਕਾਰੀ ਹੈ. ਜਦੋਂ ਤੁਸੀਂ ਮਰ ਜਾਂਦੇ ਹੋ ਤਾਂ ਇਹ ਤੁਹਾਡੇ ਨਾਲ ਗਾਇਬ ਹੋ ਜਾਏਗੀ. ਮੈਂ ਕਈ ਵਾਰ ਕਿਹਾ ਹੈ ਕਿ ਸਭ ਮਿਥਿਆ ਹੈ , ਇਹ ਸੰਸਾਰ ਮਿਥਿਆ ਹੈ. ਜੇਕਰ ਸੰਸਾਰ ਮਿਥਿਆ ਹੈ ਤਾਂ ਮੈਂ ਵੀ ਮਿਥਿਆ ਹਾਂ ! ਜੇ ਮੈਂ ਮਿਥਿਆ ਹਾਂ ਤਾਂ ਮੈਂ ਤੁਹਾਡੇ ਨਾਲ ਗੱਲ ਕਿਓਂ ਕਰ ਰਿਹਾ ਹਾਂ? ਮੈਂ ਤੁਹਾਨੂੰ ਕੀ ਦੱਸ ਰਿਹਾ ਹਾਂ?" ਵਿਵੇਕਾਨੰਦ ਨੇ ਕਿਹਾ ," ਇੱਕ ਅੰਤਰ ਹੈ. ਬਾਕੀ ਦਾ ਸੁਪਨਾ, ਬਾਕੀ ਦੁਨੀਆਂ, ਜੋ ਮਾਇਆ ਹੈ, ਉਹ ਤੁਹਾਨੂੰ ਇੱਥੇ ਰੱਖ ਰਹੀ ਹੈ. ਸੁਪਨੇ ਦਾ ਇਹ ਹਿੱਸਾ ਜੋ ਮੈਂ ਹਾਂ, ਮੈਂ ਤੁਹਾਨੂੰ ਅਸਲੀਅਤ ਵੱਲ ਖਿੱਚ ਰਿਹਾ ਹਾਂ ਅਤੇ ਤੁਹਾਨੂੰ ਜਗਾ ਰਿਹਾ ਹਾਂ."

ਇਸ ਲਈ ਸੁਪਨੇ ਦੇ ਤੱਤ ਵਿਚ ਵੀ ਥੋੜ੍ਹਾ ਜਿਹਾ ਫਰਕ ਹੁੰਦਾ ਹੈ। ਸੁਪਨੇ ਵਿਚ ਅਸੀਂ ਉਹ ਤੱਤ ਪਾ ਸਕਦੇ ਹਾਂ ਜੋ ਤੁਹਾਨੂੰ ਜਗਾਂਦੇ ਹਨ ਅਤੇ ਉਹ ਤੱਤ ਵੀ ਹਨ ਜੋ ਤੁਹਾਨੂੰ ਵਧੇਰੇ ਸੁੱਤੇ ਰੱਖਦੇ ਹਨ। ਸਤਿਗੁਰੂ ਦੀ ਕੀ ਭੂਮਿਕਾ ਹੈ? ਇੱਕ ਪਰਮ ਸੰਤ ਸਤਿਗੁਰੂ ਸਾਡੀ ਜਿੰਦਗੀ ਵਿੱਚ ਆਉਂਦਾ ਹੈ। ਉਹ ਸੁਪਨੇ ਦਾ ਉਹ ਹਿੱਸਾ ਹੈ, ਸਾਡੇ ਆਪਣੇ ਸੁਪਨੇ ਦਾ। ਅਸੀਂ ਉਸ ਨੂੰ ਬਣਾਉਂਦੇ ਹਾਂ। ਅਸੀਂ ਆਪਣੇ ਆਪ ਨੂੰ ਛੇਤੀ ਜਗਾਉਣ ਲਈ ਉਸਨੂੰ ਬਣਾਉਂਦੇ ਹਾਂ।

ਉਹ ਕਿਸੇ ਹੋਰ ਜਗ੍ਹਾ ਤੇ ਵੀ ਕੰਮ ਕਰ ਰਿਹਾ ਹੁੰਦਾ ਹੈ, ਉਹ ਉਸ ਜਗ੍ਹਾ ਤੋਂ ਸਾਨੂੰ ਜਗਾ ਰਿਹਾ ਹੁੰਦਾ ਹੈ. ਇਹ ਉਸ ਆਦਮੀ ਵਰਗਾ ਹੈ ਜੋ ਸੁੱਤਾ ਪਿਆ ਹੋਵੇ. ਉਹ ਆਪਣੇ ਸੁਪਨੇ ਵਿਚ ਸੋਚਦਾ ਹੈ ਕਿ ਉਹ ਆਪਣੇ ਘੋੜਿਆਂ ਨੂੰ ਬਾੜੇ ਵੱਲ ਵਾਪਸ ਲੈਜਾ ਰਿਹਾ ਹੈ. ਇਹ ਇਕ ਸੁਪਨਾ ਹੈ. ਉਹ ਇੱਕ ਬਿਸਤਰੇ ਤੇ ਲੇਟੇ ਹੋਈ ਇਹ ਸੁਪਨਾ ਦੇਖ ਰਿਹਾ ਹੈ. ਉਸ ਦਾ ਦੋਸਤ ਉਸ ਨੂੰ ਜਗਾਉਣਾ ਚਾਹੁੰਦਾ ਹੈ. ਦੋਸਤ ਜਾਗ ਰਿਹਾ ਹੁੰਦਾ ਹੈ. ਇਹ ਆਦਮੀ ਸੁੱਤਾ ਪਿਆ ਹੈ. ਦੋਸਤ ਆਕੇ ਉਸਨੂੰ ਹਿਲਾਉਂਦਾ ਹੈ. "ਉੱਠੋ, ਉੱਠੋ!"

ਹੁਣ ਉਹ ਸੁਪਨੇ ਵਿਚ ਮਹਿਸੂਸ ਕਰ ਸਕਦਾ ਹੈ ਕਿ ਕਿਸੇ ਨੇ ਉਸ ਨੂੰ ਹਿਲਾਇਆ ਹੈ. ਉਹ ਸੁਪਨੇ ਵਿਚ ਆਪਣੇ ਦੋਸਤ ਦੀ ਆਵਾਜ਼ ਸੁਣ ਸਕਦਾ ਹੈ. ਦੋਸਤ ਕਹਿੰਦਾ ਹੈ, "ਉੱਠ, ਉੱਠੋ." ਸੁੱਤਾ ਹੋਇਆ ਮੁੰਡਾ ਕਹਿੰਦਾ ਹੈ, "ਮੇਰੇ ਘੋੜੇ ਕੌਣ ਲੈਜਾਏਗਾ ?" ਕੀ ਤੁਸੀਂ ਇਸ ਸਭ ਦੀ ਕਲਪਨਾ ਕਰ ਸਕਦੇ ਹੋ? ਦੋਸਤ ਦਾ ਹਿਲਾਉਣਾ ਅਸਲੀ ਸੀ. ਉਸ ਸਮੇਂ ਘੋੜੇ ਵੀ ਅਸਲੀ ਸਨ. ਉਹ ਪੁਛਦਾ ਹੈ, "ਕੌਣ ਮੇਰੇ ਘੋੜਿਆਂ ਦਾ ਰੱਖੇਗਾ ?" ਉਸਨੂੰ ਹਿਲਾਉਣ ਵਾਲਾ ਦੋਸਤ ਕੰਹਿੰਦਾ ਹੈ, "ਚਿੰਤਾ ਨਾ ਕਰੋ. ਜਾਗੋ ! ਮੈਂ ਤੁਹਾਡੇ ਘੋੜਿਆਂ ਦਾ ਧਿਆਨ ਰੱਖਾਂਗਾ, "ਅਤੇ ਉਹ ਜਾਗ ਪੈਂਦਾ ਹੈ. ਉਹ ਕਦੇ ਨਹੀਂ ਕਹਿੰਦਾ, "ਕੀ ਤੂੰ ਝੂਠ ਬੋਲਿਆ ਸੀ? ਤੂੰ ਮੇਰੇ ਘੋੜਿਆਂ ਦੀ ਸੰਭਾਲ ਕਿਥੇ ਕੀਤੀ ਹੈ? ਤੁਹਾਨੂੰ ਪਤਾ ਹੁੰਦਾ ਹੈ ਕਿ ਕੋਈ ਘੋੜੇ ਨਹੀਂ ਸਨ, ਫਿਰ ਵੀ ਸੁਪਨੇ ਵੇਲੇ ਘੋੜੇ ਅਸਲੀ ਸਨ. ਇੱਥੇ ਵੀ ਇਹੋ ਜਿਹੀ ਸਥਿਤੀ ਹੈ.

ਚੇਤਨਾ ਦੇ ਹਰੇਕ ਪੱਧਰ ਤੇ ਸਾਨੂੰ ਇਹੋ ਜਿਹਾ ਹੀ ਅਨੁਭਵ ਹੁੰਦਾ ਹੈ ਕੀ ਅਸੀਂ ਉਸ ਪੱਧਰ ਨੂੰ ਅਸਲੀ ਮੰਨਦੇ ਹਾਂ ਅਤੇ ਕੋਈ ਜਾਗਰੂਕ, ਵਧੇਰੇ ਜਾਗਿਆ ਹੋਇਆ ਉਥੋਂ ਸਾਡੇ ਸੁਪਨੇ ਵਿਚ ਆਕੇ ਸਾਨੂੰ ਹਿਲੂਣਾ ਦਿੰਦਾ ਹੈ, ਜਗਾਉਂਦਾ ਹੈ. "ਜਾਗੋ !" ਪਰ ਅਸੀਂ ਉੱਤਰ ਦਿੰਦੇ ਹਾਂ, "ਇੱਥੇ ਦੀਆਂ ਸਮੱਸਿਆਵਾਂ ਦਾ ਕੀ ਹੋਵੇਗਾ ? ਕੀ ਤੁਸੀਂ ਉਹਨਾਂ ਨੂੰ ਨਿਪਟਾਵੋਗੇ? "ਹਾਂ, ਮੈਂ ਉਨ੍ਹਾਂ ਸਮੱਸਿਆਵਾਂ ਨੂੰ ਨਿਪਟਾਵਾਂਗਾ," ਤੁਸੀਂ ਜਾਗ ਪੈਂਦੇ ਹੋ ਅਤੇ ਤੁਹਾਨੂੰ ਪਤਾ ਲਗਦਾ ਹੈ ਕਿ ਕੋਈ ਸਮੱਸਿਆ ਸੀ ਹੀ ਨਹੀਂ. ਇਹ ਸਭ ਕੁਝ ਇਕ ਬਹੁਤ ਅਨੋਖੇ ਢੰਗ ਨਾਲ ਰਚਿਆ ਗਿਆ ਹੈ.

ਇਕ ਵਾਰੀ ਜਵਾਨੀ ਵੇਲੇ ਮੈਂ ਸੋਚਿਆ ਸੀ, "ਜੇਕਰ ਮੈਨੂੰ ਮੈਨੂੰ ਰਚਨਾ ਦੇ ਮੁੜ ਨਿਰਮਾਣ ਕਰਨ ਦਾ ਮੌਕਾ ਦਿੱਤਾ ਜਾਵੇ ਤਾਂ ਹੋ ਸਕਦਾ ਹੈ ਕਿ ਮੈਂ ਇਧਰੋਂ-ਉਧਰੋਂ ਕੁਝ ਸੁਧਾਰ ਕਰ ਕੇ ਇਸਨੂੰ ਬਿਹਤਰ ਕਰ ਦੇਵਾਂਗਾ। ਮੈਂ ਇਨ੍ਹਾਂ ਗੁੰਝਲਦਾਰ ਚੀਜ਼ਾਂ ਨੂੰ ਦੂਰ ਕਰਾ ਦੇਵਾਂਗਾ ਅਤੇ ਕੁਝ ਇਸ ਤੋਂ ਵਧੀਆ ਕਰਾਂਗਾ। ਮੈਂ ਕੁਝ negative ਚੀਜ਼ਾਂ ਨੂੰ ਹਟਾ ਦਿਆਂਗਾ। ਪਰ ਜਦੋਂ ਮੈਂ ਸਾਰੀ ਰਚਨਾ ਨੂੰ ਦੇਖਿਆ ਤਾਂ ਮੈਨੂੰ ਸਭ ਕੁਝ ਸੰਪੂਰਨ ਅਤੇ ਵਧੀਆ ਲਗਿਆ। ਮੈਨੂੰ ਲਗਿਆ ਕਿ ਇਸ ਤੋਂ ਬਿਹਤਰ ਕੁਝ ਹੋ ਹੀ ਨਹੀਂ ਸੀ ਸਕਦਾ। ਕੇਵਲ ਉਦੋਂ ਜਦੋਂ ਤੁਸੀਂ ਸਾਰੀ ਰਚਨਾ ਅਤੇ ਸਿਰਜਣਹਾਰ ਨੂੰ ਇਕੱਠੇ ਦੇਖਦੇ ਹੋ, ਤਾਂ ਇਹ ਸਭ ਪੱਖੋਂ ਸੰਪੂਰਣ ਦਿਸਦੀ ਹੈ ਕੁਝ ਵੀ ਅਪੂਰਣ ਨਹੀਂ ਨਜਰ ਆਉਂਦਾ। ਜਦੋਂ ਤੁਸੀਂ ਰਚਨਾ ਦੇ ਇੱਕ ਹਿਸੇ ਨੂੰ ਦੇਖਦੇ ਹੋ, ਤਾਂ ਇਹ ਹਮੇਸ਼ਾਂ ਅਪੂਰਨ ਅਤੇ ਨੁਕਸ ਵਾਲੀ ਲਗਦੀ ਹੈ। ਇਹ ਰਚਨਾ ਬਹੁਤ ਸ਼ਾਨਦਾਰ ਤਰੀਕੇ ਨਾਲ ਤਿਆਰ ਕੀਤੀ ਗਈ ਹੈ। ਇਸ ਵਿਚ ਖਾਸ ਚੀਜ ਕੀ ਹੈ ? ਜੋ ਮੈਂ ਤੁਹਾਨੂੰ ਦੱਸ ਰਿਹਾ ਹਾਂ ਉਹ ਸਭ ਸਾਨੂੰ ਇਸ ਸੁਪਨੇ ਵਿਚ ਹੀ ਪ੍ਰਾਪਤ ਹੋ ਸਕਦਾ ਹੈ। ਇਸ ਸਥੂਲ ਸਰੀਰ ਵਿਚ ਹੁੰਦੇ ਹੋਈ , ਬਿਨਾਂ ਇਸ ਸਰੀਰ ਨੂੰ ਛੱਡੇ। ਬਿਨਾਂ ਸਥੂਲ ਬ੍ਰਹਿਮੰਡ ਨੂੰ ਛੱਡੇ। ਸਾਡੇ ਸਰੀਰ ਵਿੱਚ points ਹਨ ਜੋ ਸਾਨੂੰ ਸਰੀਰ ਤੋਂ ਬਾਹਰ ਲਿਜਾ ਕੇ ਸ਼ਰੀਰ ਤੋਂ ਬਾਹਰ ਹੋਣ ਦਾ ਅਨੁਭਵ ਦੇ ਸਕਦੇ ਹਨ।

ਇਸ ਦਾ ਇਹ ਮਤਲਬ ਨਹੀਂ ਕਿ ਜਿਸ ਵਿਅਕਤੀ ਨੇ ਸਰੀਰ ਤੋਂ ਬਾਹਰ ਜਾਣ ਦਾ ਅਨੁਭਵ ਲਿਆ ਹੈ ਕੀ ਉਸ ਨੇ ਸਰੀਰ ਨੂੰ ਛੱਡ ਦਿੱਤਾ ਹੈ। ਉਹ ਹਾਲੇ ਵੀ ਜਿੰਦਾ ਹੈ ਅਤੇ ਪੂਰੀ ਤਰ੍ਹਾਂ ਹੋਸ਼ੋ-ਹਵਾਸ ਵਿਚ ਹੈ ! ਇਨਾਂ ਹੇਠਲੇ ਪਧਰ ਦੇ ਚੱਕਰਾਂ ਨੇ ਲੋਕਾਂ ਨੂੰ, ਦਿਲ ਦੇ

ਚੱਕਰ ਨੇ ਲੋਕਾਂ ਨੂੰ ਸਰੀਰ-ਤੋਂ-ਬਾਹਰ ਹੋਣ ਦੇ ਅਨੁਭਵ ਦਿੱਤੇ ਹਨ , ਜਦੋਂ ਕਿ ਉਹ ਪੂਰੀ ਤਰ੍ਹਾਂ ਸਰੀਰ ਵਿੱਚ ਜਿਉਂਦੇ ਸਨ। ਉਨਾਂ ਕਦੀ ਵੀ ਸਰੀਰ ਨੂੰ ਨਹੀਂ ਛੱਡਿਆ। ਉਨ੍ਹਾਂ ਨੂੰ ਸਿਰਫ ਅਨੁਭਵ ਹੋਇਆ ਸੀ ਕੀ ਉਹ ਸਰੀਰ ਛੱਡ ਕੇ ਬਾਹਰ  ਬਾਹਰ ਚਲੇ ਗਏ ਸਨ। ਇਸ ਤਰਾਂ ਦੇ ਸ਼ਰੀਰ ਤੋਂ ਬਾਹਰ ਹੋਣ ਦੇ ਅਨੁਭਵ ਸੰਭਵ ਹਨ ਜਿਸ ਵਿਚ ਤੁਸੀਂ silver chord ਜਾ ਚਾਨਣੇ ਦੀ ਤਾਰ ਨਾਲ ਜੁੜੇ ਹੋਈ ਹੁੰਦੇ ਹੋ, ਜੋ ਤੁਹਾਨੂੰ ਵਾਪਸ ਸਰੀਰ ਵਿੱਚ ਖਿੱਚ ਸਕਦੀ ਹੈ। ਬਹੁਤ ਸਾਰੇ ਲੋਕਾਂ ਨੂੰ ਇਹ ਅਨੁਭਵ ਹੋਇਆ ਹੈ। ਇਸੇ ਤਰ੍ਹਾਂ, ਅੱਖਾਂ ਦੇ ਪਿੱਛੇ ਸਿਰ ਦੇ ਅੰਦਰ, ਅੱਖਾਂ ਦੇ ਮੱਧ ਵਿਚ ਅਤੇ ਫਿਰ ਉੱਪਰ ਵੱਲ, ਅਜੇਹੀ ਕਿਸਮ ਦੇ ਕੇਂਦਰ ਹਨ। ਇਨਾਂ ਨੂੰ ਚੇਤਨਾ ਦੇ ਕੇਂਦਰ ਕਿਹਾ ਜਾਂਦਾ ਹੈ। ਜਦੋਂ ਤੁਸੀਂ ਆਪਣੀ ਤਵੱਜੋ ਇਨਾ ਕੇਂਦਰਾਂ ਤੇ ਪਾਉਂਦੇ ਹੋ , ਤਾਂ ਕੁਝ ਅਜਿਹਾ ਖੁਲਦਾ ਹੈ ਜੋ ਇਸ ਪਧਰ ਤੇ ਮੌਜੂਦ ਹੀ ਨਹੀਂ ਹੈ। ਇਹ ਸਿਰਫ ਉਸ ਜਾਗਣ ਵਾਲੀ ਅਵੱਸਥਾ ਵਿਚ ਖੁਲਦਾ ਹੈ।

ਇਹ ਆਪਣੇ ਆਪ ਵਿਚ ਇੱਕ ਅਦਭੁਤ ਚਮਤਕਾਰ ਹੈ, ਕਿ ਸਥੂਲ ਸੰਸਾਰ ਵਿੱਚ ਇੱਕ ਸਥੂਲ  ਸਰੀਰ ਦੇ ਅੰਦਰ ਤੁਹਾਡੇ ਸਿਰ ਵਿੱਚ ਅਜਿਹੇ points  ਹਨ, ਜਿਥੇ ਆਪਣੀ ਤਵੱਜੋ ਲਗਾ ਕੇ ਤੁਸੀਂ ਇੱਥੇ ਮਰੇ ਬਗੈਰ ਕਿਸੇ ਹੋਰ ਸੰਸਾਰ ਵਿਚ ਜਾਗ ਜਾਂਦੇ ਹੋ, ਇਸ ਸਥੂਲ ਸਰੀਰ ਨੂੰ ਛੱਡੇ ਬਗੈਰ. ਕਿੰਨਾ ਵੱਡਾ ਚਮਤਕਾਰ ਹੈ ਇਹ ! ਤੁਸੀਂ ਇਸ ਨੂੰ ਕਿਵੇਂ ਹੋਰ ਬੇਹਤਰ ਬਣਾ  ਸਕਦੇ ਹੋ? ਮੈਂ ਸਮਝ ਨਹੀਂ ਪਾ ਰਿਹਾ ਕਿ ਇਸ ਸਥਾਪਿਤ ਪ੍ਰਣਾਲੀ ਨੂੰ ਕਿਵੇਂ ਸੁਧਾਰਿਆ ਜਾ ਸਕਦਾ ਹੈ. ਅਜਿਹੀ ਪ੍ਰਣਾਲੀ ਜਿਸ ਨਾਲ ਆਪਣੇ ਇਸ ਸਰੀਰ ਵਿੱਚ ਇੱਥੇ ਬੈਠੇ ਹੋਏ ਅਸੀਂ  ਸਮੁੱਚੀ ਚੇਤਨਾ ਦੀ ਸਰਵ ਉੱਚ ਪੱਧਰ ਤੇ ਜਾਗ ਸਕਦੇ ਹਾਂ,.ਮੈਂ ਸਥੂਲ ਸਰੀਰ ਦੀ ਪ੍ਰਸੰਸਾ ਕਿਵੇਂ ਨਾ ਕਰਾਂ? ਇਹ ਸਭ ਕੇਵਲ ਸਥੂਲ ਸਰੀਰ ਵਿੱਚ ਹੀ ਹੋ ਸਕਦਾ ਹੈ, ਜੋ ਤੁਹਾਡੇ ਕੋਲ ਹੈ. ਕਿਉਂਕਿ ਇਨ੍ਹਾਂ points  ਤੇ ਤਵੱਜੋ ਪਾਉਣ ਲਈ ਤੁਹਾਨੂੰ ਅਜਿਹੇ ਅਨੁਭਵ ਦੀ ਲੋੜ ਹੁੰਦੀ ਹੈ ਜੋ ਹੋਰ ਜਗਾ ਮੌਜੂਦ ਹੀ ਨਹੀਂ ਹੈ,  ਜੋ ਤੁਹਾਡੇ ਖੁਦ ਦੇ ਵਿਅਕਤੀਗਤ ਦੀ ਨਿਰਣਾ ਸ਼ਕਤੀ ਨਾਲ ਸੰਬੰਧਤ ਹੈ. ਕਿਉਂਕਿ ਸਾਰੀ ਸਿਰਜਨਾ ਸਮੁਚਤਾ ਵਿਚ ਹੋਈ ਸੀ ਇਸ ਲਈ ਨਿਰਣਾ ਸ਼ਕਤੀ ਵੀ ਸਮੁੱਚਤਾ ਵਿਚ  ਸਥਾਪਿਤ ਕੀਤੀ ਗਈ ਸੀ.  ਜੋ ਕੁਝ ਵਾਪਰਨਾ ਹੁੰਦਾ ਹੈ ਉਹ ਸਮੇਂ ਅਤੇ ਸਥਾਨ ਦੇ ਬਗੈਰ ਵਾਪਰਦਾ ਹੈ ਅਤੇ ਫਿਰ ਉਸ ਨੂੰ ਸਮੇਂ ਅਤੇ ਸਥਾਨ ਵਿਚ ਫੈਲਾ ਦਿੱਤਾ ਜਾਂਦਾ ਹੈ. ਇਸ ਲਈ ਜਦੋਂ ਅਸੀਂ ਕਹਿੰਦੇ ਹਾਂ ਕਿ ਕੋਈ ਚੀਜ਼ ਹੈ ਜੋ ਸਾਨੂੰ ਉਥੇ ਛੋਹ ਰਹੀ ਹੈ ਤਾਂ ਅਸੀਂ ਇਥੇ ਹੁੰਦੇ ਹੋਈ ਉਥੇ ਕਿਵੇਂ ਜਾਈਏ ? ਅਸੀਂ ਖੋਜਦੇ ਹਾਂ, ਅਸੀਂ ਅਭਿਆਸ ਕਰਦੇ ਹਾਂ, ਅਸੀਂ ਆਪਣੀ ਨਿਰਣੇ ਸ਼ਕਤੀ ਦੀ ਵਰਤੋਂ ਕਰਦੇ ਹਾਂ. ਅਸੀਂ ਕਹਿੰਦੇ ਹਾਂ, "ਹਾਂ, ਇਹ ਮੇਰੀ ਮਰਜੀ ਕੀ ਮੈਂ ਉਥੇ ਜਾਵਾਂ ," ਅਤੇ ਜਦੋਂ ਅਸੀਂ ਉਥੇ ਉਚੇਰੀ ਪਧਰ ਤੇ ਜਾਂਦੇ ਹਾਂ ਤਾਂ ਇੱਕ ਨਵੀਂ ਦੁਨੀਆਂ ਖੁੱਲ੍ਹਦੀ ਹੈ ਜੋ ਇਸ ਦੁਨੀਆਂ ਤੋਂ ਜਿਆਦਾ ਅਸਲੀ ਹੁੰਦੀ ਹੈ. ਫਿਰ ਅਸੀਂ ਹੋਰ ਉਚੇ ਜਾਂਦੇ ਹਾਂ ਤਾਂ  ਇਕ ਹੋਰ ਦੁਨੀਆ ਖੁਲ੍ਹ ਜਾਂਦੀ ਹੈ ਅਤੇ ਅਸੀਂ ਦੇਖਦੇ ਹਾਂ ਕਿ ਅਸੀਂ ਜੋ ਕੁਝ ਕਰ ਰਹੇ ਸੀ, ਉਹ ਪਹਿਲਾਂ ਹੀ ਉਥੇ ਦਰਜ ਹੋ ਚੁਕਾ ਸੀ , ਸਮੇਤ ਸਾਡੀ ਜਿਗਿਆਸਾ ਦੇ, ਸਮੇਤ ਸਾਡੀ ਨਿਰਣੇ ਸ਼ਕਤੀ ਦੇ . ਪਰ ਜਦੋਂ ਤੱਕ ਅਸੀਂ ਮਹਿਸੂਸ ਨਹੀਂ ਕਰਦੇ ਕਿ ਸਾਡੇ ਕੋਲ ਸੱਚਮੁਚ ਵਿਚ ਨਿਰਣੇ ਸ਼ਕਤੀ ਹੈ, ਅਸੀਂ ਇਸ ਦਾ ਅਨੁਭਵ ਨਹੀਂ ਕਰ ਸਕਦੇ.

ਇਹ ਇਕ ਅਜੀਬ ਤਰਾਂ ਵਿਰੋਧਾਭਾਸ ਜਾਂ contradiction ਹੈ, ਕਿ ਤੁਹਾਡੇ ਕੋਲ ਕੋਈ ਵੀ ਅਸਲੀ ਨਿਰਣੇ ਸ਼ਕਤੀ ਨਹੀਂ ਹੋਣੀ ਚਾਹੀਦੀ, ਕਿਉਂਕਿ ਸਮੁੱਚੀ ਚੇਤਨਾ ਨੂੰ ਸਭ ਕੁਝ ਪਤਾ ਹੈ ਅਤੇ ਫਿਰ ਵੀ ਜਦੋਂ ਤੁਸੀਂ ਇੱਥੇ ਹੁੰਦੇ ਹੋ ਤਾਂ ਪੂਰਨ ਨਿਰਣੇ ਸ਼ਕਤੀ ਅਨੁਭਵ ਕਰਦੇ ਹੋ। ਕੇਵਕ ਇਹ ਹੀ ਨਹੀਂ, ਤੁਸੀਂ ਆਪਣੀ ਨਿਰਣੇ ਸ਼ਕਤੀ ਦਾ ਇਸਤੇਮਾਲ ਕਰਕੇ ਇਹ ਪਤਾ ਲਗਾਉਂਦੇ ਹੋ ਕਿ ਤੁਹਾਡੇ ਕੋਲ ਕੋਈ ਨਿਰਣੇ ਸ਼ਕਤੀ ਹੈ ਹੀ ਨਹੀਂ। ਤੁਸੀਂ ਇਥੇ ਦੀ ਨਕਲੀ ਨਿਰਣੇ ਸ਼ਕਤੀ ਦਾ ਇਸਤੇਮਾਲ ਕੀਤੇ ਬਿਨਾ ਇਹ ਨਹੀਂ ਜਾਣ ਸਕਦੇ ਕਿ ਤੁਹਾਡੇ ਕੋਲ ਕੋਈ ਨਿਰਣੇ ਸ਼ਕਤੀ ਨਹੀਂ ਹੈ। ਇਹ ਪ੍ਰਤੀਕੂਲ ਬਣਤਰ ਦਾ ਸੁੰਦਰ ਮਿਸ਼ਰਣ ਹੈ। ਇਹ ਇਕ ਪ੍ਰਤੀਕੂਲ ਜਾਂ opposite ਹੈ ਕਿ  ਤੁਹਾਨੂੰ ਲੱਗੇ ਕੀ ਤੁਹਾਡੇ ਕੋਲ ਅਸਲੀ ਨਿਰਣੇ ਸ਼ਕਤੀ ਹੈ, ਜੋ  ਰੂਹਾਨੀ ਖੋਜ ਲਈ ਬਹੁਤ ਜ਼ਰੂਰੀ ਹੈ ਅਤੇ ਫਿਰ ਤੁਹਾਨੂੰ ਇਹ ਪਤਾ ਲਗਦਾ ਹੈ ਕਿ ਸਭ ਕੁਝ ਪਹਿਲਾਂ ਤੋਂ ਦਰਜ ਸੀ , ਅਸਲ ਵਿੱਚ ਨਿਰਣੇ ਸ਼ਕਤੀ ਸੀ ਹੀ ਨਹੀਂ ਸੀ। ਇਹ ਇਕ ਦੂਜੇ ਦੇ ਬਿਲਕੁਲ ਉਲਟ ਹੈ। ਪ੍ਰਤੀਕੂਲਾਂ ਦਾ ਇਹ ਸਿਧਾਂਤ ਹਰ ਤਰਾਂ ਦੇ ਅਨੁਭਵਾਂ ਤੇ ਲਾਗੂ ਹੁੰਦਾ ਹੈ ਜਿਵੇਂ ਸਰੀਰਕ ਅਨੁਭਵ, ਮਾਨਸਿਕ ਅਨੁਭਵ,  ਖੋਜ ਦੇ ਅਨੁਭਵ , ਸੋਚਣ ਦਾ ਅਨੁਭਵ, ਨਿਰਣਾ ਲੈਣ ਦਾ ਅਨੁਭਵ। ਹਰ ਕਿਸੇ ਚੀਜ ਤੇ ਇਹ ਪ੍ਰਤੀਕੂਲ ਜਾਂ opposites ਦਾ ਸਿਧਾਂਤ ਲਾਗੂ ਹੁੰਦਾ ਹੈ। ਇਹ ਇਕ ਬਹੁਤ ਵਧੀਆ ਸਿਧਾਂਤ ਹੈ ਜੋ ਸਾਡੇ ਹਰ ਅਨੁਭਵ ਨੂੰ ਹੋਰ ਤੀਬਰ ਕਰਦਾ ਹੈ। ਫਿਰ ਕੀ ਹੋਵੇਗਾ । ਹੁਣ ਇੱਥੇ ਅਸੀਂ negative ਅਨੁਭਵ ਲੈਂਦੇ ਹਾਂ ਅਤੇ ਜਦੋਂ ਅਸੀਂ ਘਰ ਵਾਪਸ ਜਾਂਦੇ ਹਾਂ ਤਾਂ ਇਹ ਸਾਡੇ positive ਅਨੁਭਵਾਂ ਨੂੰ ਹੋਰ ਜਿਆਦਾ ਤੀਬਰ ਬਣਾ ਦਿੰਦੇ ਹਨ।

ਹੁਣ ਚਲੋ ਦੂਜੇ ਸਿਰਿਓਂ ਦੇਖੀਏ ਕੀ ਕਿਸ ਤਰਾਂ ਹੈ ? ਮੰਨ ਲਓ ਹੁਣ ਅਸੀਂ ਇੱਥੇ ਬੈਠੇ ਹੋਏ ਉੱਥੇ ਜਾਂਦੇ ਹਾਂ, ਸਿਰ ਦੇ ਅੰਦਰਲੇ points ਵਿਚ ਡੁਬਕੀ ਲਗਾ ਕੇ ਆਪਣੇ ਸੱਚੇ ਘਰ ਨੂੰ ਦੇਖਦੇ ਹਾਂ ਅਤੇ ਫਿਰ ਵਾਪਸ ਆ ਜਾਂਦੇ ਹਾਂ ਕਿਉਂਕਿ ਅਸੀਂ ਸਰੀਰ ਨੂੰ ਨਹੀਂ ਛੱਡਿਆ। ਫਿਰ ਇੱਥੇ ਕੀ ਹੁੰਦਾ ਹੈ? ਸਾਡਾ ਇਥੇ ਦਾ ਅਨੁਭਵ ਹੋਰ ਤੀਬਰ ਹੋ ਜਾਂਦਾ ਹੈ, ਹਾਲਾਂਕਿ ਇਹ ਅਸਲੀ ਨਹੀਂ ਹੁੰਦਾ, ਫਿਰ ਵੀ ਅਸੀਂ ਇਸਦਾ ਅਨੰਦ ਮਾਣਦੇ ਹਾਂ। ਦੋਨੋ ਪਾਸੇ ਦੇ ਅਨੁਭਵਾਂ ਦੀ ਤੀਬਰਤਾ ਵਧਦੀ ਹੈ । ਤੁਸੀਂ ਇੱਥੇ ਆਉਂਦੇ ਹੋ, ਤੁਸੀਂ ਵਾਪਸ ਜਾਂਦੇ ਹੋ ਅਤੇ ਵਧੇਰੇ ਖੇੜੇ ਅਤੇ ਅਨੰਦ ਦਾ ਅਨੁਭਵ ਲੈਂਦੇ ਹੋ, ਜੋ ਵੀ ਉਸ ਸਥਿਤੀ ਨੂੰ ਕਹਿੰਦੇ ਹਨ, ਦਾ ਅਨੁਭਵ ਲੈਂਦੇ ਹੋ। ਲੋਕ ਉਸ ਜਗ੍ਹਾ ਦੇ ਅਨੰਦ ਨੂੰ ਬਿਆਨ ਕਰਨ ਲਈ ਬਹੁਤ ਸਾਰੀਆਂ ਭਾਸ਼ਾਵਾਂ ਦਾ ਇਸਤੇਮਾਲ ਕਰਦੇ ਹਨ। ਚੇਤਨਾ ਬੇਅੰਤ ਆਨੰਦ ਦਾ ਅਨੁਭਵ

ਕਰਦੀ ਹੈ। ਜਦੋਂ ਤੁਸੀਂ ਹੇਠਾਂ ਆਉਂਦੇ ਹੋ, ਤਾਂ ਤੁਸੀਂ ਗਿਆਨ ਲੈ ਕੇ ਆਉਂਦੇ ਹੋ, ਇਥੇ ਵੀ ਉਸੀ ਤਰਾਂ ਦਾ ਆਨੰਦ ਅਨੁਭਵ ਕਰਦੇ ਹੋ। ਇਸੇ ਕਰਕੇ ਇਨ੍ਹਾਂ ਸਮੁੱਚੀ ਚੇਤਨਾ ਦੇ ਜਾਣੂ ਲੋਕਾਂ ਦੇ ਅੰਦਰ ਅਤੇ ਬਾਹਰ ਹਰ ਵੇਲੇ ਖੁਸ਼ੀ ਅਤੇ ਅਨੰਦ ਹੁੰਦਾ ਹੈ। ਉਹ ਅੰਦਰ ਅਤੇ ਬਾਹਰ ਦੋਨੋ ਜਗਾ ਮਸਤੀ ਵਿਚ ਹੁੰਦੇ ਹਨ ਅਤੇ ਅਸੀਂ ਉਨ੍ਹਾਂ ਨੂੰ ਮਸਤਾਨੇ ਹਾਂ, ਸਰੂਰ ਵਾਲੇ ਲੋਕ। ਇਹ ਪੂਰਾ ਖਾਕਾ, ਦੁਨੀਆ ਦੇ ਇਹਨਾਂ ਅਨੁਭਵਾਂ ਜਾਂ ਤਜਰਬਿਆਂ ਦੇ ਨਿਰਮਾਣ ਦਾ ਸਾਰਾ ਤਰੀਕਾ ਬਹੁਤ ਸ਼ਾਨਦਾਰ ਹੈ। ਮੈਂ ਇਸ ਦੀ ਵਡਿਆਈ ਨਹੀਂ ਕਰ ਸਕਦਾ! ਅਸੀਂ ਕੇਵਲ ਇਹ ਕਹਿੰਦੇ ਹਾਂ ਕਿ "ਰੱਬ ਦਾ ਸ਼ੁਕਰ ਹੈ ਕਿ ਇਹ ਸੁਪਨਾ ਸੀ !" ਜਦੋਂ ਅਸੀਂ ਸਭ negative ਚੀਜ਼ਾਂ ਨੂੰ ਦੇਖਣ ਤੋਂ ਬਾਅਦ ਜਾਗਦੇ ਹਾਂ ਤਾਂ ਕਹਿੰਦੇ ਹਾਂ, "ਰੱਬ ਦਾ ਸ਼ੁਕਰ ਹੈ, ਇਹ ਸਿਰਫ ਇਕ ਸੁਪਨਾ ਸੀ।" ਇਹ ਇਤਨਾ ਸੱਚ ਲਗਦਾ ਸੀ, ਇਤਨਾ ਸੱਚ ਕਿ ਉਸ ਨੇ ਸਾਡੇ ਤੇ ਪ੍ਰਭਾਵ ਪਾਇਆ। ਉਹ ਸਾਡੇ ਤੇ ਪ੍ਰਭਾਵ ਪਾਉਂਦਾ ਹੈ! ਉਹ ਸਾਡੇ ਤੇ ਪ੍ਰਭਾਵ ਪਾਉਣ ਲਈ ਹੀ ਤਿਆਰ ਕੀਤਾ ਗਿਆ ਸੀ। ਜੇਕਰ ਉਹ ਸਾਡੇ ਤੇ ਕੋਈ ਅਸਰ ਨਹੀਂ ਪੈਂਦਾ ਤਾਂ ਅਸੀਂ ਪ੍ਰਤੀਕੂਲ ਦਾ ਅਨੁਭਵ ਕਿਸ ਤਰਾਂ ਕਰ ਪਾਉਂਦੇ ? ਇਹ ਸਾਡੇ ਉਤੇ ਇਸ ਤਰਾਂ ਦਾ ਪ੍ਰਭਾਵ ਪਾਉਣ ਲਈ ਬਣਾਇਆ ਗਿਆ ਸੀ ਜਿਵੇਂ ਇਹ ਅਸਲੀ ਹੋਵੇ। ਜੇ ਅਨੁਭਵ ਅਸਲ ਤਰਾਂ ਨਾਂ ਹੁੰਦਾ ਤਾਂ ਇਸ ਦਾ ਕੋਈ ਅਸਰ ਨਹੀਂ ਸੀ ਹੋਣਾ। ਫਿਰ ਤਾਂ ਇਹ ਕੇਵਲ ਪਰਛਾਵਾਂ ਦੀ ਤਰਾਂ ਹੋਣਾ ਸੀ । ਇਕ ਪਰਛਾਵਾਂ ਸਾਨੂੰ ਪ੍ਰਭਾਵਿਤ ਨਹੀਂ ਕਰਦਾ; ਕੇਵਲ ਅਸਲੀ ਚੀਜ਼ਾਂ ਸਾਡੇ ਤੇ ਅਸਰ ਪਾਉਂਦੀਆਂ ਹਨ। ਇਸ ਲਈ ਅਸੀਂ ਹਕੀਕਤ ਦੇ ਇਕ ਤੋਂ ਇਕ ਪਧਰ ਬਣਾਉਂਦੇ ਹਾਂ, ਹਾਲਾਂਕਿ ਇਹ ਇਕ ਤੋਂ ਇਕ ਭਰਮਾਂ ਦੇ ਹੀ ਪਧਰ ਹਨ। ਪਰ ਭਰਮ ਸ਼ਬਦ ਬਹੁਤ ਗੁੰਮਰਾਹਕੁੰਨ ਹੈ

ਭਾਰਤ ਵਿਚ ਇਕ ਪ੍ਰਸਿੱਧ ਡਾਂਸਰ ਸੀ, ਸਰਾਭਾਈ, ਉਸਦਾ ਨਾਂ ਸਰਾਭਾਈ ਸੀ, ਇੱਕ ਬਹੁਤ ਮਸ਼ਹੂਰ ਨ੍ਰਿਤਕਾ ਸੀ. ਉਸ ਦਾ ਇਕ ਡਾਂਸ ਸਕੂਲ ਸੀ. ਇਕ ਵਾਰ ਉਸ ਨੇ ਮੈਨੂੰ ਬੁਲਾਇਆ ... ਮੈਂ ਸਰਕਾਰੀ ਹੈਸੀਅਤ ਵਿਚ ਉਸ ਦਾ ਡਾਂਸ ਸਕੂਲ ਵੇਖਣ ਲਈ ਗਿਆ. ਉਹ ਇਕ ਰੂਹਾਨੀ ਜਿਗਿਆਸੂ ਵੀ ਸੀ. ਡਾਂਸ ਤੋਂ ਬਾਅਦ ਉਸਨੇ ਮੈਨੂੰ ਭੋਜਨ ਲਈ ਬੁਲਾਇਆ ਅਤੇ ਇੱਕ ਬਹੁਤ ਹੀ ਦਿਲਚਸਪ ਸਵਾਲ ਪੁੱਛਿਆ. ਉਸਨੇ ਕਿਹਾ, "ਮੈਂ ਇਹ ਸਮਝਣਾ ਚਾਹੁੰਦੀ ਹਾਂ ਜੋ ਗਿਆਨਵਾਨ ਲੋਕ ਜੋ ਜਾਣ ਜਾਂਦੇ ਹਨ ਕਿ ਇਹ ਸਭ ਕੁਝ ਭੁਲੇਖਾ ਹੈ, ਇਹ ਮਾਇਆ ਹੈ. ਉਹ ਕਹਿੰਦੇ ਹਨ ਕਿ ਇਹ ਮਾਇਆ, ਮਿਥਿਆ, ਮਾਇਆ, ਵਿਨਾਸ਼ਕਾਰੀ, ਅਸਥਿਰ, ਭਰਮ ਹੈ. ਉਹ ਕਿਵੇਂ ਇੱਥੇ ਰਹਿੰਦੇ ਹਨ? ਜੇ ਉਨ੍ਹਾਂ ਨੂੰ ਪਤਾ ਹੈ ਕਿ ਇਹ ਕੇਵਕ ਇਕ ਪਰਛਾਵਾਂ ਹੈ ਤਾਂ ਉਹ ਇਥੇ ਖੁਸ਼ੀ ਵਾਲਾ ਅਤੇ ਵਧੀਆ ਸਮਾਂ ਕਿਵੇਂ ਬਤੀਤ ਕਰ ਸਕਦੇ ਹਨ? ਅਤੇ ਮੈਂ ਉਸ ਨੂੰ ਸਮਝਾਇਆ ਕਿ ਇਹ ਸਹੀ ਪਰਿਭਾਸ਼ਾ ਨਹੀਂ ਹੈ. ਮਾਇਆ ਦਾ ਭਾਵ ਕੇਵਲ ਭਰਮ ਹੀ ਨਹੀਂ ਹੈ. ਇਸਦਾ ਮਤਲਬ ਹੋਰ ਬਹੁਤ ਜਿਆਦਾ ਹੈ. ਇਸਦਾ ਮਤਲੱਬ ਕੀ ਹੈ? ਇਸਦਾ ਮਤਲਬ ਇਹ ਹੈ ਜਿਵੇਂ ਕਿ ਇੱਥੇ ਇੱਕ ਪਾਣੀ ਦਾ ਪਿਆਲਾ ਹੈ, ਅਤੇ ਮੈਂ ਇਸ ਪਾਣੀ ਨੂੰ ਪੀਣ ਜਾ ਰਿਹਾ ਹਾਂ. ਚੰਗੀ ਸੁਆਦੀ ਸੀ ! ਹੁਣ ਜਦੋਂ ਮੈਂ ਉੱਚ ਪੱਧਰ ਤੇ ਜਾਂਦਾ ਹਾਂ, ਤਾਂ ਪਿਆਲਾ ਗਾਇਬ ਹੋ ਜਾਂਦਾ ਹੈ, ਪਾਣੀ ਗਾਇਬ ਹੋ ਜਾਂਦਾ ਹੈ, ਸੁਆਦ ਅਜੇ ਵੀ ਮੇਰੇ ਕੋਲ ਹੈ. ਕਿਵੇਂ? ਮੇਰੇ ਕੋਲ ਪਾਣੀ ਦਾ ਸੁਆਦ ਸੀ; ਉਹ ਨਹੀਂ ਗਿਆ ਹੈ. ਇਹ ਹਾਲੇ ਵੀ ਮੇਰੀ ਯਾਦ ਵਿੱਚ ਹੈ, ਪਰ ਪਿਆਲਾ ਅਤੇ ਪਾਣੀ ਗਾਇਬ ਹੋ ਗਿਆ ਹੈ. ਪੀਣ ਵਾਲੇ ਪਾਣੀ ਦਾ ਸੁਆਦ, ਪੀਣ ਵਾਲੇ ਪਾਣੀ ਦਾ ਅਨੁਭਵ ਅਜੇ ਵੀ ਮੇਰੇ ਕੋਲ ਹਨ.

ਇੱਕ ਸੁਪਨੇ ਵਿਚ, ਤੁਹਾਨੂੰ ਇੱਕ ਬਹੁਤ ਹੀ ਸੁਹਾਵਣਾ ਸੁਪਨਾ ਆਉਂਦਾ ਹੈ, ਤੁਸੀਂ ਉਸਦਾ ਅਨੰਦ ਮਾਣਦੇ ਹੋ, ਫਿਰ ਤੁਸੀਂ ਜਾਗ ਜਾਂਦੇ ਹੋ. ਉੱਥੇ ਕੋਈ ਨਹੀਂ ਹੁੰਦਾ. ਖੁਸ਼ੀ ਅਜੇ ਵੀ ਉੱਥੇ ਹੁੰਦੀ ਹੈ. ਅਨੰਦ ਅਜੇ ਵੀ ਉੱਥੇ ਹੁੰਦਾ ਹੈ. ਕਿਵੇਂ? ਕੁਛ ਬਚਿਆ ਖੁਚਿਆ ਹਲੇ ਵੀ ਤੁਹਾਡੇ ਨਾਲ ਰਹਿੰਦਾ ਹੈ ਜਦ ਕੀ ਬਾਕੀ ਸਭ ਅਲੋਪ ਹੋ ਜਾਂਦਾ ਹੈ. ਮਾਇਆ ਦਾ ਇਹ ਮਤਲਬ ਨਹੀਂ ਹੈ ਕਿ ਇਹ ਪਿਆਲਾ ਝੂਠਾ ਹੈ. ਮਾਇਆ ਦਾ ਮਤਲਬ ਹੈ ਕਿ ਜੋ ਤੁਹਾਨੂੰ ਪਿਆਲਾ ਦਿੱਖ ਰਿਹਾ ਹੈ ਉਹ ਝੂਠ ਹੈ. ਪਿਆਲੇ ਦਾ ਅਨੁਭਵ ਝੂਠਾ ਨਹੀਂ ਹੈ; ਇਹ ਅਸਲੀ ਹੈ ਅਤੇ ਪਿਆਲੇ ਦੇ ਗਾਇਬ ਹੋਣ ਤੋਂ ਬਾਅਦ ਵੀ ਰਹੇਗਾ. ਇਹ ਮਾਇਆ ਦੀ ਇੱਕ ਬਹੁਤ ਹੀ ਮੁਸ਼ਕਲ ਪ੍ਰੀਭਾਸ਼ਾ ਹੈ. ਇਹ ਨਿਰਾ ਭਰਮ ਨਹੀਂ ਹੈ. ਇਹ ਇੱਕ ਭਰਮ ਹੈ ਕਿ ਸਾਡੇ ਕੋਲ ਚੀਜ਼ਾਂ ਹਨ, ਸਾਡੇ ਕੋਲ ਸਥੂਲ ਭੌਤਿਕ ਚੀਜ਼ਾਂ ਹਨ ਅਤੇ ਉਹ ਸਾਨੂੰ ਅਨੁਭਵ ਦੇ ਰਹੀਆਂ ਹਨ. ਉਹ ਸਥੂਲ ਲੋਕ ਹਨ. ਉਹ ਸਾਨੂੰ ਇੱਕ ਅਨੁਭਵ ਦੇ ਰਹੇ ਹਨ, ਅਤੇ ਜਦੋਂ ਅਸੀਂ ਜਾਗ ਜਾਂਦੇ ਹਾਂ, ਉਹ ਇਹ ਸਭ ਕੁਝ ਉਥੇ ਨਹੀਂ ਹੁੰਦਾ ਪਰ ਅਨੁਭਵ ਅਜੇ ਵੀ ਉੱਥੇ ਹੁੰਦਾ ਹੈ. ਇਹ ਅਨੁਭਵ ਅਜੇ ਵੀ ਮੌਜੂਦ ਹੁੰਦਾ ਹੈ ਅਤੇ ਚੀਜ਼ਾਂ ਅਲੋਪ ਹੋ ਜਾਂਦੀਆਂ ਹਨ.

ਦੂਜੇ ਪਾਸੇ, ਅਸੀਂ ਸੋਚਦੇ ਹਾਂ ਕਿ ਇੱਕ ਵਿਸ਼ੇਸ਼ ਪੱਧਰ ਤੇ ਚੇਤਨਾ ਦੀ ਅਸਲੀਅਤ ਇਹ ਹੈ ਕਿ ਚੀਜ਼ਾਂ ਅਸਲੀ ਹਨ ਜੋ ਸਾਨੂੰ ਅਨੁਭਵ ਦਿੰਦੀਆਂ ਹਨ. ਜੇਕਰ ਅਸੀਂ ਇਸ ਤੋਂ ਉਤੇ ਚੇਤਨਾ ਦੇ ਹੋਰ ਵੀ ਡੂੰਘੇ ਪੱਧਰਾਂ ਤੇ ਜਾਂਦੇ ਹਾਂ, ਤਾਂ ਸਾਨੂੰ ਪਤਾ ਲਗਦਾ ਹੈ ਇਹ ਪੀਣ ਵਾਲੇ ਪਾਣੀ ਦਾ ਤਜਰਬਾ ਸੀ ਜਿਸ ਨੇ ਪਿਆਲੇ ਨੂੰ ਬਣਾਇਆ ਅਤੇ ਪਾਣੀ ਬਣਾਇਆ.ਇਹ ਉਸ ਤਰ੍ਹਾਂ ਦੇ ਬਿਲਕੁਲ ਉਲਟ ਹੈ ਜੋ ਅਸੀਂ ਸੋਚਿਆ ਸੀ. ਅਸੀਂ ਸੋਚਿਆ ਕਿ ਇੱਥੇ ਦੀਆਂ ਚੀਜ਼ਾਂ ਅਤੇ ਲੋਕ ਹੀ ਸਾਨੂੰ ਸੰਸਾਰ ਦੇ ਸਾਰੇ ਅਨੁਭਵ ਦਿੰਦੇ ਹਨ. ਜਦੋਂ ਤੁਸੀਂ ਸਿਖਰ ਤੇ ਪਹੁੰਚਦੇ ਹੋ ਅਤੇ ਦੇਖਦੇ ਹੋ ਕਿ ਅਨੁਭਵ ਪਹਿਲਾਂ ਬਣਾਇਆ ਗਿਆ ਸੀ, ਅਤੇ ਉਸ ਅਨੁਭਵ ਨੂੰ ਹਾਸਲ ਕਰਨ ਲਈ, ਲੋਕਾਂ ਨੂੰ ਅਤੇ ਚੀਜ਼ਾਂ ਨੂੰ ਬਣਾਇਆ ਗਿਆ ਸੀ. ਕਾਰਨ ਅਤੇ ਪ੍ਰਭਾਵ ਬਿਲਕੁਲ ਉਲਟ ਹੈ.ਪਰ ਅਸੀਂ ਇਸ ਨੂੰ ਇੱਥੇ ਨਹੀਂ ਦੇਖ ਸਕਦੇ, ਪਰ ਜੇਕਰ ਆਪਣੇ ਸਿਰ ਦੀ ਸਹੀ ਥਾਂ ਤੇ ਤਵੱਜੋ ਕੇਂਦਰਿਤ ਕਰੀਏ ਤਾਂ ਅਸੀਂ ਇਹ ਸਭ ਕੁਝ ਦੇਖ ਸਕਾਂਗੇ. ਇਹ ਕਮਾਲ ਦੀ ਗੱਲ ਹੈ. ਤੁਸੀਂ ਹੋਰ ਕੀ ਮੰਗ ਸਕਦੇ ਹੋ? ਮੈਂ ਕਹਿੰਦਾ ਹਾਂ ਕਿ ਇਕ ਰੂਹਾਨੀ ਜਿਗਿਆਸੂ ਜੋ ਸਚ ਨੂੰ ਲਭਣਾ ਚਾਹੁੰਦਾ ਹੈ,

ਉਹ ਹੋਰ ਕੀ ਮੰਗ ਸਕਦਾ ਹੈ ਕੀ ਕੋਈ ਉਸ ਨੂੰ ਦੱਸ ਦਵੇ ਕਿ ਸਿਰ ਵਿਚ ਕੁਝ ਅਜਿਹੀਆਂ ਥਾਵਾਂ ਹਨ ਜਿਥੇ ਹੋਰ ਚੀਜ਼ਾਂ ਤੋਂ ਧਿਆਨ ਹਟਾ ਕੇ ਤਵੱਜੋ ਲਗਾਈ ਜਾਵੇ ਤਾਂ ਉਹ ਦਰਵਾਜ਼ੇ ਖੁਲ ਜਾਣਗੇ. ਇਸ ਤਰਾਂ ਗਿਆਨ ਦੇ ਦਰਵਾਜ਼ੇ ਖੁਲਣ ਤੋਂ ਬਾਅਦ ਹਕੀਕਤ ਤੁਹਾਡੇ ਸਾਹਮਣੇ ਆ ਜਾਵੇਗੀ . ਇਹ ਸਾਡੇ ਸਾਰਿਆਂ ਵਿੱਚ ਮੌਜੂਦ ਹੈ. ਅਜਿਹਾ ਨਹੀਂ ਹੈ ਕਿ ਇਹ ਕੁਝ ਖ਼ਾਸ ਲੋਕਾਂ ਕੋਲ ਹੀ ਮੌਜੂਦ ਹੁੰਦਾ ਹੈ; ਇਹ ਸਾਡੇ ਸਾਰਿਆਂ ਕੋਲ ਹੈ. ਹਰ ਇੱਕ ਕੋਲ ਇੱਕ ਪਰਮ ਸੰਤ ਸਤਿਗੁਰੂ ਬਣਨ ਦੀ ਅਤੇ ਇਸੇ ਜੀਵਨ ਵਿੱਚ ਸਾਰੇ ਅਨੁਭਵਾਂ ਨੂੰ ਮਾਣ ਕੇ ਸਿਖਰ ਤੱਕ ਜਾਣ ਦੀ ਸਮਰੱਥਾ ਹੁੰਦੀ ਹੈ.

ਹਰ ਕੋਈ ਕਿਉਂ ਨਹੀਂ ਜਾਂਦਾ? ਅਸੀਂ ਨੇ ਆਪਣੇ ਆਪ ਨੂੰ ਬੰਨ੍ਹ ਲਿਆ ਹੈ. ਕੇਵਲ ਇਸ ਲਈ ਕਿ ਚੀਜ਼ਾਂ ਸਚ ਦਿੱਸਣ ਤੇ ਅਸੀਂ ਉਨ੍ਹਾਂ ਦਾ ਅਸਲ ਵਾਂਗ ਅਨੰਦ ਮਾਣ ਸਕੀਏ. ਉਨ੍ਹਾਂ ਨੂੰ ਅਸਲ ਮਨ ਕੇ ਅਸੀਂ ਉਨ੍ਹਾਂ ਵਿੱਚ ਡੁੱਬ ਗਏ ਹਾ. ਅਸੀਂ ਇਹ ਸੋਚਿਆ ਹੀ ਨਹੀਂ ਕਿ ਕੁਝ ਹੋਰ ਵੀ ਹੋ ਸਕਦਾ ਹੈ. ਇਹ ਸੰਸਾਰ ਸਾਡੀ ਇਕੋ ਇਕ ਅਸਲੀਅਤ ਹੈ. ਅਸੀਂ ਸੋਚਿਆ ਕਿ ਕੇਵਲ ਇਸ ਜਗ੍ਹਾ ਤੇ ਹੀ ਪਿਆਰ ਲੱਭ ਸਕਦਾ ਹੈ, ਕੇਵਲ ਇਸ ਜਗ੍ਹਾ ਤੇ ਖੁਸ਼ੀ ਪ੍ਰਾਪਤ ਹੋ ਸਕਦੀ ਹੈ, ਕੇਵਲ ਇਸ ਜਗ੍ਹਾ ਨਾਲ ਹੀ ਆਪਣੇ ਆਪ ਨੂੰ ਜੋੜਿਆ ਜਾ ਸਕਦਾ ਹੈ, ਕੇਵਲ ਇਸ ਜਗ੍ਹਾ ਤੇ ਸਭ ਇੱਛਾਵਾਂ ਕੀਤੀਆਂ ਜਾਂ ਸਕਦੀਆਂ ਹਨ ਅਤੇ ਆਪਣੇ ਆਪ ਨੂੰ ਅਸੀਂ ਇਸ ਜਗਾ ਨਾਲ ਇਨਾਂ ਜੋੜ ਲਿਆ ਅਤੇ ਇਹ ਕਦੀ ਇਹ ਲਭ ਹੀ ਨਹੀਂ ਸਕੇ ਕਿ ਸਾਡੇ ਸਰੀਰ ਅੰਦਰ ਕੋਈ ਅਜਿਹੀ ਚੀਜ਼ ਹੈ ਜੋ ਦਰਵਾਜ਼ੇ ਖੋਲ੍ਹ ਸਕਦੀ ਹੈ. ਇਸ ਲਈ, ਇਹ ਬਹੁਤ ਖੁਸ਼ਕਿਸਮਤੀ ਹੈ ਕਿ ਕੋਈ ਵਿਅਕਤੀ ਸਾਡੀ ਜਿੰਦਗੀ ਵਿਚ ਆ ਸਕਦਾ ਹੈ ਜਿਸਨੂੰ ਪਰਮ ਸੰਤ ਸਤਿਗੁਰੂ ਕਿਹਾ ਜਾਂਦਾ ਹੈ ਜੋ ਸਾਡੇ ਨਾਲ ਸਿੱਧੇ ਅਨੁਭਵ ਦਵਾਰਾ ਗੱਲ ਕਰ ਰਿਹਾ ਹੁੰਦਾ ਹੈ ਨਾ ਕਿ ਕਿਤਾਬਾਂ ਵਿਚੋਂ ਪੜ੍ਹ ਕੇ. ਅਸੀਂ ਵੀ ਕਿਤਾਬਾਂ ਪੜ੍ਹ ਸਕਦੇ ਹਾਂ. ਇੱਕ ਪਰਮ ਸੰਤ ਸਤਿਗੁਰੂ ਅਤੇ ਇੱਕ ਇਕ ਸਿਆਣੇ ਵਿਅਕਤੀ ਦਾ ਸਾਡੇ ਨਾਲ ਗੱਲ ਕਰਨ ਵਿਚ ਫਰਕ ਹੁੰਦਾ ਹੈ. ਸਿਆਣਾ ਵਿਅਕਤੀ ਸਾਨੂੰ ਕਿਤਾਬਾਂ ਤੋਂ ਸਿੱਖਿਆ ਦਿੰਦਾ ਹੋਇਆ ਬੋਲਦਾ ਹੈ ਜਦਕਿ ਉਸ ਨੂੰ ਪਤਾ ਨਹੀਂ ਹੁੰਦਾ ਕਿ ਉਹ ਕੀ ਸਿਖਿਆ ਦੇ ਰਿਹਾ ਹੁੰਦਾ ਹੈ ਜਦਕਿ ਇੱਕ ਪਰਮ ਸੰਤ ਸਤਿਗੁਰੂ ਸਿਧਾ ਉਸ ਅਨੁਭਵ ਤੋਂ ਬੋਲਦਾ ਹੈ ਜੋ ਉਹ ਚਾਹੁੰਦਾ ਹੈ ਕਿ ਸਾਨੂੰ ਵੀ ਹੋਵੇ. ਉਹ ਉਨ੍ਹਾਂ ਅਨੁਭਵਾਂ ਨੂੰ ਪਾਸੇ ਨਹੀਂ ਕਰਦਾ. ਉਹ ਉਨ੍ਹਾਂ ਅਨੁਭਵਾਂ ਦੇ ਹੁੰਦੇ ਹੋਈ ਸਾਡੇ ਵਰਗਾ ਬਣ ਕੇ ਸਾਡੇ ਨਾਲ ਗੱਲ ਕਰਦਾ ਹੈ . ਇੱਕ ਪਰਮ ਸੰਤ ਸਤਿਗੁਰੂ ਹਰ ਸਮੇਂ ਇਨ੍ਹਾਂ ਸਾਰੇ ਪੱਧਰਾਂ ਤੋਂ ਜਾਣੂ ਹੁੰਦਾ ਹੈ. ਉਹ ਸਾਰੇ ਪੱਧਰਾਂ ਤੋਂ ਬੋਲ ਰਿਹਾ ਹੁੰਦਾ ਹੈ. ਕੇਵਲ ਇਹ ਹੀ ਨਹੀਂ, ਉਹ ਕਈ ਲੋਕਾਂ ਨਾਲ, ਕਈ ਰੂਹਾਂ ਨਾਲ ਗੱਲ ਕਰ ਰਿਹਾ ਹੁੰਦਾ ਹੈ ਜੋ ਉਸ ਸਮੇਂ ਅਲੱਗ ਅਲੱਗ ਪੱਧਰ ਤੇ ਹੁੰਦੇ ਹਨ. ਉਹ ਸਿਰਫ ਸਾਡੇ ਨਾਲ ਹੀ ਗੱਲ ਨਹੀਂ ਕਰ ਰਿਹਾ ਹੁੰਦਾ ; ਉਹ ਕਈ ਪੱਧਰਾਂ ਤੇ ਆਪਣਾ ਕੰਮ ਕਰ ਰਿਹਾ ਹੈ ਹੁੰਦਾ ਹੈ. ਇਹ ਬਹੁਤ ਵੱਖਰਾ ਹੈ ! ਇੱਕ ਪਰਮ ਸੰਤ ਸਤਿਗੁਰੂ ਇੱਕ ਆਮ ਆਦਮੀ ਵਰਗਾ ਦਿਸਦਾ ਹੈ, ਪਰ ਮੈਂ ਤੁਹਾਨੂੰ ਦੱਸਦਾ ਹਾਂ, ਗ਼ਲਤੀ ਨਾ ਕਰ ਬੈਠਿਓ. ਉਹ ਇਨ੍ਹਾਂ ਆਮ ਨਹੀਂ ਹੁੰਦਾ. ਸਧਾਰਨ ਦਿਖਦਾ ਹੈ, ਸਾਧਾਰਣ ਕੰਮ ਕਰਦਾ ਹੈ, ਸਾਡੇ ਵਰਗੇ ਸਾਧਾਰਣ ਕੰਮ ਕਰਦਾ ਹੈ. ਪਰ ਚੇਤਨਾ ਵਿੱਚ, ਜਾਗਰੂਕਤਾ ਵਿੱਚ, ਉਹ ਬਿਲਕੁਲ ਵੱਖਰਾ ਹੁੰਦਾ ਹੈ. ਉਸ ਨੂੰ ਲਗਾਤਾਰ ਇਸ ਪੂਰੇ ਤਮਾਸ਼ੇ ਬਾਰੇ ਸੋਝੀ ਹੁੰਦੀ ਹੈ . ਉਹ ਹਰ ਸਮੇਂ ਸਮੁੱਚੀ ਤਸਵੀਰ ਦੇਖ ਰਿਹਾ ਹੁੰਦਾ ਹੈ. ਸੋ ਉਸਦਾ ਕੰਮ ਇਕ ਅਧਿਆਪਕ ਦੇ ਕੰਮ ਤੋਂ ਬਹੁਤ ਵੱਖਰਾ ਹੁੰਦਾ ਹੈ. ਮੈਂ ਲੋਕਾਂ ਨੂੰ ਦੱਸਦਾ ਰਹਿੰਦਾ ਹਾਂ ਕਿ ਉਹ ਅਧਿਆਪਕ ਨਹੀਂ ਹੁੰਦਾ. ਇੱਕ ਪਰਮ ਸੰਤ ਸਤਿਗੁਰੂ ਇੱਕ ਅਧਿਆਪਕ ਨਹੀਂ ਹੈ.

ਫਿਰ ਉਹ ਕੌਣ ਹੈ? ਮੈਂ ਉਸ ਬਾਰੇ ਕਿਦਾਂ ਬਿਆਨ ਕਰਾਂ, ਉਸਨੂੰ ਕਿਵੇਂ ਪਰਿਭਾਸ਼ਤ ਕਰਾਂ ? ਮੈਂ ਉਸ ਨੂੰ ਸਭ ਤੋਂ ਵਧੀਆ ਸੱਚੇ ਦੋਸਤ ਵਜੋਂ ਪਰਿਭਾਸ਼ਿਤ ਕਰਾਂਗਾ, ਉਹ ਸਭ ਤੋਂ ਵਧੀਆ ਵਿਅਕਤੀ ਜਿਸ ਵਿਚੋਂ ਤੁਸੀਂ ਸ਼ੁੱਧ ਸੱਚੇ ਪਿਆਰ ਦਾ ਅਨੁਭਵ ਲੈ ਸਕਦੇ ਹੋ, ਜੋ ਤੁਹਾਨੂੰ ਆਪਣੇ ਘਰ ਵਾਪਸ ਲੈ ਜਾਂਦਾ ਹੈ. ਉਹ ਬਿਲਕੁਲ ਇਕ ਵੱਖਰੀ ਕਿਸਮ ਦਾ ਵਿਅਕਤੀ ਹੈ. ਬਹੁਤ ਖੁਸ਼ਕਿਸਮਤੀ ਦੀ ਗੱਲ ਹੈ ਕਿ ਅਸੀਂ ਅਜੇ ਵੀ ਸੰਸਾਰ ਦੀ ਇਸ ਸਥਿਤੀ ਵਿੱਚ ਪਰਮ ਸੰਤ ਸਤਿਗੁਰੂ ਹੁੰਦੇ ਹਨ . ਸੰਸਾਰ ਇੱਕ ਵਧੀਆ ਸਥਿਤੀ ਵਿੱਚ ਨਹੀਂ ਹੈ; ਇਹ ਇੱਕ ਬਹੁਤ ਹੀ negative ਸਥਿਤੀ ਵਿੱਚ ਹੈ. ਇੱਕ ਪਰਮ ਸੰਤ ਸਤਿਗੁਰੂ ਦੀ ਇਸ ਪ੍ਰਕਿਰਿਆ ਰਾਹੀਂ ਅਸਲੀਅਤ ਨੂੰ ਲੱਭਣ ਦੇ ਸਮਰੱਥ ਹੋਣਾ, ਆਪਣੀ ਨਿਰਣੇ ਸ਼ਕਤੀ ਨੂੰ ਵਰਤ ਕੇ ਖੋਜ ਕਰਨ ਅਤੇ ਫਿਰ ਲੱਭਣ ਦੇ ਸਮਰੱਥ ਹੋਣਾ . ਤੁਹਾਨੂੰ ਹੋਰ ਕੀ ਚਾਹੀਦਾ ਹੈ ? ਮੈਂ ਤੁਹਾਨੂੰ ਸਾਰਿਆਂ ਨੂੰ ਸਚਾਈ ਦੇ ਜਿਗਿਆਸੂ ਹੋਣ ਦੀ ਮੁਬਾਰਕਬਾਦ ਦਿੰਦਾ ਹਾਂ. ਮੈਨੂੰ ਪਤਾ ਹੈ ਕਿ ਤੁਸੀਂ ਇਸ ਨੂੰ ਲੱਭ ਲਵੋਗੇ . ਤੁਹਾਡਾ ਬਹੁਤ ਧੰਨਵਾਦ ਹੈ.

https://www.youtube.com/watch?v=en2xl10udkx

https://www.youtube.com/watch?v=4DKeO9zPPQ4&t=1968s